ਮੰਗਲਵਾਰ, 25 ਜੁਲਾਈ, 2023
10 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 54

# ਨਵਾਂ ਜ਼ਮਾਨਾ

DAILY NAWAN ZAMANA • TUESDAY, 25 JULY, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

## ਪੀ ਐੱਫ 'ਤੇ ਵਿਆਜ 'ਚ ਰੀਣ ਕੁ ਵਾਧਾ

**ਨਵੀਂ ਦਿੱਲੀ :** ਸਰਕਾਰ ਨੇ ਮੁਲਾਜ਼ਮਾਂ ਦੇ ਪ੍ਰਾਵੀਡੈਂਟ ਫੰਡ 'ਚ ਜਮ੍ਹਾਂ ਰਾਸ਼ੀ 'ਤੇ ਵਿੱਤੀ ਸਾਲ 2022-23 ਦੇ ਅਰਸੇ ਲਈ 8.15 ਫੀਸਦੀ ਵਿਆਜ ਦੇਣ ਦਾ ਫੈਸਲਾ ਕੀਤਾ ਹੈ। ਸਰਕਾਰ ਨੇ ਪਿਛਲੇ ਵਿੱਤੀ ਸਾਲ (2021-22) 'ਚ ਵਿਆਜ ਦਰ 8.5 ਫੀਸਦੀ ਤੋਂ ਘਟਾ ਕੇ 8.10 ਫੀਸਦੀ ਕਰ ਦਿੱਤੀ ਸੀ, ਜੋ ਪਿਛਲੇ ਚਾਰ ਦਹਾਕਿਆਂ 'ਚ ਸਭ ਤੋਂ ਹੇਠਲਾ ਪੱਧਰ ਸੀ।

## ਟੋਲ ਪਲਾਜ਼ਾ ਦੇ ਮੈਨੇਜਰ ਤੋਂ ਸਾਢੇ 23 ਲੱਖ ਰੁਪਏ ਲੁੱਟ ਲਏ

**ਫਿਲੌਰ (ਨਿਰਮਲ)** ਸੋਮਵਾਰ ਲਾਡੋਵਾਲ ਟੋਲ ਪਲਾਜ਼ਾ ਦੇ ਕੈਸ਼ੀਅਰ ਸੁਧਾਕਰ ਦੀ ਕਾਰ ਨੂੰ ਬੱਸ ਅੱਡੇ ਕੋਲ ਘੇਰ ਕੇ ਪੰਜ ਹਥਿਆਰਬੰਦ ਲੁਟੇਰੇ 23.50 ਲੱਖ ਰੁਪਏ ਲੁੱਟ ਕੇ ਲੈ ਗਏ। ਕੈਸ਼ੀਅਰ ਆਪਣੇ ਡਰਾਈਵਰ ਨਾਲ ਲਾਡੋਵਾਲ ਤੋਂ ਸਥਾਨਕ ਪੰਜਾਬ ਨੈਸ਼ਨਲ ਬੈਂਕ 'ਚ ਪੈਸੇ ਜਮ੍ਹਾਂ ਕਰਵਾਉਣ ਆ ਰਿਹਾ ਸੀ। ਲੁਟੇਰੇ ਦੋ ਗੱਡੀਆਂ 'ਚ ਸਵਾਰ ਸਨ। ਉਨ੍ਹਾਂ ਇਕ ਗੱਡੀ ਕੈਸ਼ੀਅਰ ਦੀ ਗੱਡੀ ਅੱਗੇ ਲਾ ਲਈ ਅਤੇ ਦੂਜੀ ਪਿੱਛੇ। ਪਤਾ ਲੱਗਾ ਹੈ ਕਿ ਕੈਸ਼ੀਅਰ ਦੇ ਡਰਾਈਵਰ ਨੇ ਆਪਣੀ ਗੱਡੀ ਨੂੰ ਅੰਦਰੋਂ ਲਾਕ ਕਰ ਲਿਆ ਸੀ, ਪਰ ਲੁਟੇਰੇ ਸ਼ੀਸ਼ਾ ਤੋੜ ਕੇ ਅੰਦਰ ਪਏ 23.50 ਲੱਖ ਕੱਢ ਕੇ ਫਰਾਰ ਹੋ ਗਏ। ਪੁਲਸ ਨੇ ਪੂਰੇ ਸਬ-ਡਵੀਜ਼ਨ ਵਿਚ ਹਾਈ ਅਲਰਟ ਕਰਕੇ ਗੱਡੀਆਂ ਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ ਸੀ।

## ਸੁਭਾਸ਼ਿਨੀ ਅਲੀ ਨੇ ਮੁਆਫੀ ਮੰਗੀ

**ਨਵੀਂ ਦਿੱਲੀ :** ਸੀ ਪੀ ਆਈ (ਐੱਮ) ਦੀ ਪੋਲਿਟ ਬਿਊਰੋ ਮੈਂਬਰ ਤੇ ਕਾਨਪੁਰ ਤੋਂ ਸਾਬਕਾ ਸੰਸਦ ਮੈਂਬਰ ਸੁਭਾਸ਼ਿਨੀ ਅਲੀ ਨੇ ਮਨੀਪੁਰ 'ਚ ਦੋ ਕੁੱਕੀ ਔਰਤਾਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ 'ਚ ਆਰ ਐੱਸ ਐੱਸ ਨੂੰ ਫਸਾਉਣ ਵਾਲਾ ਇੱਕ ਟਵੀਟ ਪੋਸਟ ਕਰਨ ਲਈ ਮੁਆਫੀ ਮੰਗੀ ਹੈ। ਅਲੀ ਨੇ ਕਿਹਾ-ਮੈਨੂੰ ਬਹੁਤ ਅਫਸੋਸ ਹੈ ਕਿ ਮੈਂ 2 ਵਿਅਕਤੀਆਂ ਦੇ ਸੰਬੰਧ 'ਚ ਇੱਕ ਝੂਠੇ ਟਵੀਟ ਨੂੰ ਰੀਟਵੀਟ ਕੀਤਾ, ਜਿਨ੍ਹਾਂ ਦੀ ਪਛਾਣ ਮਨੀਪੁਰ 'ਚ ਔਰਤਾਂ ਵਿਰੁੱਧ ਅਤਿਅੰਤ ਜਿਨਸੀ ਹਿੰਸਾ ਦੇ ਭਿਆਨਕ ਮਾਮਲੇ 'ਚ ਦੋਸ਼ੀ ਵਜੋਂ ਕੀਤੀ ਜਾ ਰਹੀ ਸੀ। ਮੈਂ ਅਣਜਾਣੇ 'ਚ ਹੋਈ ਇਸ ਗਲਤੀ ਲਈ ਬਿਨਾਂ ਸ਼ਰਤ ਮੁਆਫੀ ਮੰਗਦੀ ਹਾਂ।

## ਜੈਨ ਦੀ ਜ਼ਮਾਨਤ ਪੰਜ ਹਫਤੇ ਵਧੀ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਮਨੀ ਲਾਂਡਰਿੰਗ ਕੇਸ 'ਚ ਦਿੱਲੀ ਦੇ ਸਾਬਕਾ ਸਿਹਤ ਮੰਤਰੀ ਸਤੇਂਦਰ ਜੈਨ ਨੂੰ ਮੈਡੀਕਲ ਅਧਾਰ 'ਤੇ ਦਿੱਤੀ ਅੰਤਰਿਮ ਜ਼ਮਾਨਤ ਸੋਮਵਾਰ ਪੰਜ ਹਫਤਿਆਂ ਲਈ ਵਧਾ ਦਿੱਤੀ। ਇਸ ਕੇਸ ਦੀ ਈ ਡੀ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਜੈਨ ਵੱਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੇ ਜਸਟਿਸ ਏ ਐੱਸ ਬੋਪੰਨਾ ਤੇ ਜਸਟਿਸ ਬੇਲਾ ਐੱਮ ਤ੍ਰਿਵੇਦੀ ਦੀ ਬੈਂਚ ਨੂੰ ਦੱਸਿਆ ਕਿ ਜੈਨ ਦਾ 21 ਜੁਲਾਈ ਨੂੰ ਰੀੜ੍ਹ ਦੀ ਹੱਡੀ ਦਾ ਅਪ੍ਰੇਸ਼ਨ ਹੋਇਆ ਹੈ ਤੇ ਉਨ੍ਹਾ ਨੂੰ ਸਿਹਤਯਾਬ ਹੋਣ ਵਿਚ ਸਮਾਂ ਲੱਗੇਗਾ।

## ਮਨਪ੍ਰੀਤ ਦਾ ਸ਼ਕਤੀ ਪ੍ਰਦਰਸ਼ਨ

**ਬਠਿੰਡਾ :** ਵਿਜੀਲੈਂਸ ਬਿਊਰੋ ਵੱਲੋਂ ਜਾਇਦਾਦ ਮਾਮਲੇ 'ਚ ਸੱਦੇ ਗਏ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸੋਮਵਾਰ ਪੇਸ਼ੀ ਤੋਂ ਪਹਿਲਾਂ ਬਠਿੰਡਾ ਦੇ ਸਰਕਟ ਹਾਊਸ 'ਚ ਭਰਵਾਂ ਇਕੱਠ ਕਰਕੇ ਸ਼ਕਤੀ ਪ੍ਰਦਰਸ਼ਨ ਕੀਤਾ। ਪੇਸ਼ੀ ਮੌਕੇ ਉਨ੍ਹਾ ਦੇ ਚਹੇਤੇ ਕਾਂਗਰਸੀ, ਕੌਂਸਲਰ, ਭਾਜਪਾ ਸਮਰਥਕ ਤੇ ਅਕਾਲੀ ਦਲ ਨਾਲ ਸੰਬੰਧਤ ਸਰਪੰਚ ਪੁੱਜੇ ਹੋਏ ਸਨ।

## ਵਿਰਾਸਤ-ਏ-ਖਾਲਸਾ, ਦਾਸਤਾਨ-ਏ-ਸ਼ਹਾਦਤ, ਗੋਲਡਨ ਟੈਂਪਲ ਪਲਾਜ਼ਾ 31 ਤੱਕ ਸੈਲਾਨੀਆਂ ਲਈ ਰਹਿਣਗੇ ਬੰਦ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਅਧੀਨ ਆਉਂਦੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਜਾਇਬਘਰ ਵਿਰਾਸਤ-ਏ-ਖਾਲਸਾ, ਸ੍ਰੀ ਚਮਕੌਰ ਸਾਹਿਬ ਵਿਖੇ ਦਾਸਤਾਨ-ਏ-ਸ਼ਹਾਦਤ ਅਤੇ ਅੰਮ੍ਰਿਤਸਰ ਵਿਖੇ ਗੋਲਡਨ ਟੈਂਪਲ ਪਲਾਜ਼ਾ ਛਿਮਾਹੀ ਰੱਖ-ਰਖਾਅ ਦੇ ਮੱਦੇਨਜਰ 31 ਜੁਲਾਈ ਤੱਕ ਸੈਲਾਨੀਆਂ ਲਈ ਬੰਦ ਰਹਿਣਗੇ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਅਜਾਇਬਘਰਾਂ ਨੂੰ ਹਰ ਸਾਲ ਦੀ ਤਰਜ਼ 'ਤੇ ਜਨਵਰੀ ਅਤੇ ਜੁਲਾਈ ਦੇ ਅਖੀਰਲੇ ਹਫਤੇ ਸੈਲਾਨੀਆਂ ਲਈ ਬੰਦ ਰੱਖਿਆ ਜਾਂਦਾ ਹੈ, ਤਾਂ ਜੋ ਇਨ੍ਹਾਂ ਦੀ ਮੁਰੰਮਤ ਅਤੇ ਰੱਖ-ਰਖਾਅ ਸੰਬੰਧੀ ਕੰਮ ਕੀਤੇ ਜਾ ਸਕਣ।

## ਕਮਾਂਡੋ ਦੀ ਬਾਥਰੂਮ 'ਚੋਂ ਲਾਸ਼ ਮਿਲੀ

**ਪਟਿਆਲਾ :** ਇੱਥੇ ਕਾਲੀ ਮਾਤਾ ਮੰਦਰ ਵਿਖੇ ਤਾਇਨਾਤ ਕਮਾਂਡੋ ਫੋਰਸ ਦੇ ਜਵਾਨ ਜੰਗਾ ਸਿੰਘ ਦੀ ਭੇਦਭਰੀ ਹਾਲਤ 'ਚ ਗੋਲੀ ਲੱਗਣ ਨਾਲ ਮੌਤ ਹੋ ਗਈ। ਉਹ ਪਟਿਆਲਾ ਜ਼ਿਲ੍ਹੇ ਦੇ ਸ਼ੰਭੂ ਨੇੜਲੇ ਪਿੰਡ ਹਸਨਪੁਰ ਦਾ ਰਹਿਣ ਵਾਲਾ ਸੀ। ਕਈ ਦਿਨ ਛੁੱਟੀ ਕੱਟ ਕੇ ਦੋ ਦਿਨ ਪਹਿਲਾਂ ਹੀ ਡਿਊਟੀ 'ਤੇ ਪਰਤਿਆ ਸੀ। ਉਸ ਦੀ ਲਾਸ਼ ਸੋਮਵਾਰ ਸਵੇਰੇ ਬਾਥਰੂਮ ਵਿੱਚੋਂ ਮਿਲੀ। ਉਸ ਦੇ ਕੋਲ ਹੀ ਏ ਕੇ 47 ਰਾਈਫਲ ਵੀ ਪਈ ਸੀ।

## ਤਿੰਨ ਪ੍ਰਵਾਸੀ ਮਜ਼ਦੂਰਾਂ ਦੀ ਹਾਦਸੇ 'ਚ ਮੌਤ

**ਲੰਬੀ :** ਪੰਜਾਵਾ ਰੋਡ 'ਤੇ ਐਤਵਾਰ ਰਾਤ ਅਣਪਛਾਤੇ ਵਹੀਕਲ ਦੀ ਫੇਟ ਕਾਰਨ ਮੋਟਰਸਾਈਕਲ ਸਵਾਰ ਤਿੰਨ ਪਰਵਾਸੀ ਮਜ਼ਦੂਰਾਂ ਦੀ ਮੌਤ ਹੋ ਗਈ। ਇਨ੍ਹਾਂ ਦੀ ਪਛਾਣ ਅਜੈ ਕੁਮਾਰ ਵਾਸੀ ਪਟਨਾ, ਮਹੇਸ਼ ਕੁਮਾਰ ਅਤੇ ਵਿਵੇਕ ਕੁਮਾਰ ਵਾਸੀ ਫਤਿਹਪੁਰ ਵਜੋਂ ਹੋਈ ਹੈ। ਲੰਬੀ ਥਾਣਾ ਦੇ ਮੁਖੀ ਮਨਿੰਦਰ ਸਿੰਘ ਨੇ ਦੱਸਿਆ ਕਿ ਤਿੰਨੇ ਮ੍ਰਿਤਕ ਪੰਜਾਵਾ ਫੈਕਟਰੀ ਵਿਚ ਕੰਮ ਕਰਦੇ ਸਨ। ਉਹ ਲੰਬੀ ਤੋਂ ਪੰਜਾਵਾ ਜਾ ਰਹੇ ਸਨ ਕਿ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ। ਮ੍ਰਿਤਕਾਂ ਦੇ ਪਰਵਾਰਾਂ ਦੇ ਪੁੱਜਣ 'ਤੇ ਅਗਲੇਰੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਮੋਦੀ ਖੁੱਲ੍ਹੀ ਬਹਿਸ ਲਈ ਤਿਆਰ ਨਹੀਂ

## ਸੰਸਦ ਦੇ ਅੰਦਰ ਤੇ ਬਾਹਰ ਜ਼ਬਰਦਸਤ ਪ੍ਰੋਟੈਸਟ

**ਨਵੀਂ ਦਿੱਲੀ :** ਆਪੋਜ਼ੀਸ਼ਨ ਪਾਰਟੀਆਂ ਦੇ ਕਈ ਆਗੂਆਂ ਨੇ ਮਨੀਪੁਰ ਬਾਰੇ ਸੰਸਦ ਦੇ ਦੋਵਾਂ ਸਦਨਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬਿਆਨ ਦੇਣ ਲਈ ਮਜਬੂਰ ਕਰਨ ਵਾਸਤੇ ਸੋਮਵਾਰ ਪਾਰਲੀਮੈਂਟ ਕੰਪਲੈਕਸ 'ਚ ਪ੍ਰੋਟੈਸਟ ਕੀਤਾ। ਮਹਾਤਮਾ ਗਾਂਧੀ ਦੇ ਬੁੱਤ ਅੱਗੇ ਪ੍ਰਦਰਸ਼ਨ ਦੌਰਾਨ ਉਨ੍ਹਾਂ ਸਰਕਾਰ ਖਿਲਾਫ ਨਾਅਰੇ ਲਾਏ। ਉਨ੍ਹਾਂ ਬੈਨਰ ਚੁੱਕੇ ਹੋਏ ਸਨ, ਜਿਨ੍ਹਾਂ ਵਿਚ ਲਿਖਿਆ ਹੋਇਆ ਸੀ—ਇੰਡੀਆ ਮਨੀਪੁਰ ਦਾ ਹਾਮੀ ਅਤੇ ਇੰਡੀਆ ਵੱਲੋਂ ਮਨੀਪੁਰ ਬਾਰੇ ਪੀ ਐੱਮ ਦੇ ਬਿਆਨ ਦੀ ਮੰਗ।

ਰਾਜ ਸਭਾ ਵਿਚ ਆਪੋਜ਼ੀਸ਼ਨ ਦੇ ਆਗੂ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਮਨੀਪੁਰ ਹਿੰਸਾ ਬਾਰੇ ਵਿਆਪਕ ਬਿਆਨ ਦੇਣਾ ਪ੍ਰਧਾਨ ਮੰਤਰੀ ਦੀ ਜ਼ਿੰਮੇਵਾਰੀ ਹੈ। ਸ਼ਰਮ ਦੀ ਗੱਲ ਹੈ ਕਿ ਜਦੋਂ ਸੰਸਦ ਦਾ ਅਜਲਾਸ ਚੱਲ ਰਿਹਾ ਹੈ, ਪ੍ਰਧਾਨ ਮੰਤਰੀ ਬਾਹਰ ਬਿਆਨ ਦੇ ਰਹੇ ਹਨ।

ਉਨ੍ਹਾ ਕਿਹਾ—ਅਸੀਂ ਰਾਜ ਸਭਾ ਦੇ ਚੇਅਰਮੈਨ ਤੇ ਲੋਕ ਸਭਾ ਦੇ ਸਪੀਕਰ ਨੂੰ ਬੇਨਤੀ ਕਰ ਰਹੇ ਹਾਂ ਕਿ ਪ੍ਰਧਾਨ ਮੰਤਰੀ ਬਿਆਨ ਦੇਣ ਅਤੇ ਬਹਿਸ ਨੇਮ 267 ਤਹਿਤ ਹੋਵੇ, ਪਰ ਮੋਦੀ ਸਰਕਾਰ ਨੇਮ 176 ਤਹਿਤ ਅੱਧੇ ਘੰਟੇ ਦੀ ਬਹਿਸ ਕਰਾਉਣਾ ਚਾਹੁੰਦੀ ਹੈ। ਨੇਮ 267 ਤਹਿਤ ਬਹਿਸ ਵਿਚ ਵੋਟਿੰਗ ਦੀ ਵੀ ਵਿਵਸਥਾ ਹੈ।

ਮਨੀਪੁਰ ਵਿਚ ਨਸਲੀ ਹਿੰਸਾ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਬਿਆਨ ਦਿੱਤੇ ਜਾਣ ਦੀ ਵਿਰੋਧੀ ਧਿਰਾਂ ਦੀ ਮੰਗ ਨੂੰ ਲੈ ਕੇ ਸੋਮਵਾਰ ਵੀ ਲੋਕ ਸਭਾ 'ਚ ਰੌਲਾ-ਰੱਪਾ ਪੈਂਦਾ ਰਿਹਾ, ਜਿਸ ਕਰਕੇ ਸਦਨ ਦੀ ਕਾਰਵਾਈ 'ਚ ਦੋ ਵਾਰ ਅੜਿੱਕਾ ਪਿਆ ਤੇ ਮਗਰੋਂ ਇਸ ਨੂੰ ਮੰਗਲਵਾਰ ਸਵੇਰੇ 11 ਵਜੇ ਤੱਕ ਲਈ ਮੁਲਤਵੀ ਕਰ ਦਿੱਤਾ ਗਿਆ। ਸਦਨ ਨੂੰ ਪਹਿਲਾਂ 12 ਵਜੇ ਤੱਕ ਤੇ ਮਗਰੋਂ ਬਾਅਦ ਦੁਪਹਿਰ ਦੋ ਵਜੇ ਤੱਕ ਲਈ ਮੁਲਤਵੀ ਕੀਤਾ ਗਿਆ ਸੀ।

ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੋਕ ਸਭਾ ਵਿਚ ਕਿਹਾ ਕਿ ਉਹ ਮਨੀਪੁਰ ਮਸਲੇ 'ਤੇ ਵਿਚਾਰ ਚਰਚਾ ਲਈ ਤਿਆਰ ਹਨ। ਉਨ੍ਹਾ ਵਿਰੋਧੀ ਧਿਰ 'ਤੇ ਚਰਚਾ ਤੋਂ ਭੱਜਣ ਦਾ ਦੋਸ਼ ਲਾਉਂਦਿਆਂ ਕਿਹਾ-ਮੈਂ ਵਿਰੋਧੀ ਧਿਰ ਦੇ ਆਗੂਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਸੰਸਦ ਵਿਚ ਵਿਚਾਰ-ਵਟਾਂਦਰਾ ਹੋਣ ਦੇਣ, ਕਿਉਂਕਿ ਮਨੀਪੁਰ ਮੁੱਦੇ ਨੂੰ ਲੈ ਕੇ ਸੱਚ ਦੇਸ਼ ਸਾਹਮਣੇ ਲਿਆਉਣਾ ਬਹੁਤ ਅਹਿਮ ਹੈ। ਇਸ ਤੋਂ ਪਹਿਲਾਂ ਸਵੇਰੇ ਸਦਨ ਦੀ ਕਾਰਵਾਈ 12 ਵਜੇ ਤੱਕ ਮੁਲਤਵੀ ਕਰਨ ਮਗਰੋਂ ਸਦਨ ਮੁੜ ਜੁੜਿਆ ਤਾਂ ਨਾਅਰੇਬਾਜ਼ੀ ਦਰਮਿਆਨ ਹੀ ਸਰਕਾਰ ਨੇ ਤਿੰਨ ਬਿੱਲ-ਕੌਮੀ ਡੈਂਟਲ ਕਮਿਸ਼ਨ ਬਿੱਲ 2023, ਨੈਸ਼ਨਲ ਨਰਸਿੰਗ ਐਂਡ ਮਿਡਵਾਈਫਰੀ ਕਮਿਸ਼ਨ ਬਿੱਲ 2023 ਤੇ ਕੰਸਟੀਟਿਊਸ਼ਨ (ਅਨੁਸੂਚਿਤ ਜਾਤਾਂ) ਆਰਡਰ (ਸੋਧ) ਬਿੱਲ 2023 ਪੇਸ਼ ਕੀਤੇ ਤੇ ਡੀ ਐੱਨ ਏ ਤਕਨਾਲੋਜੀ (ਵਰਤੋਂ ਤੇ ਐਪਲੀਕੇਸ਼ਨ) ਰੈਗੂਲੇਸ਼ਨ ਬਿੱਲ 2019 ਵਾਪਸ ਲੈ ਲਿਆ। ਉਸ ਮੌਕੇ ਸਦਨ ਦੀ ਕਾਰਵਾਈ ਚਲਾ ਰਹੇ ਰਾਜੇਂਦਰ ਅਗਰਵਾਲ ਨੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਆਪੋ-ਆਪਣੀਆਂ ਸੀਟਾਂ 'ਤੇ ਬੈਠਣ ਦੀ ਅਪੀਲ ਕੀਤੀ ਤਾਂ ਕਿ ਵਿਚਾਰ ਚਰਚਾ ਸ਼ੁਰੂ ਹੋ ਸਕੇ, ਪਰ ਉਨ੍ਹਾਂ ਨਾਅਰੇਬਾਜ਼ੀ ਜਾਰੀ ਰੱਖੀ ਤਾਂ ਅੱਗਰਵਾਲ ਨੇ ਸਦਨ ਦੀ ਕਾਰਵਾਈ ਬਾਅਦ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ। 11 ਵਜੇ ਸਦਨ ਜੁੜਿਆ ਤਾਂ ਕਾਂਗਰਸ, ਡੀ ਐੱਮ ਕੇ, ਖੱਬੀਆਂ ਪਾਰਟੀਆਂ ਤੇ ਹੋਰਨਾਂ ਨੇ ਮਨੀਪੁਰ ਮੁੱਦੇ 'ਤੇ ਚਰਚਾ ਕਰਵਾਉਣ ਦੀ ਆਪਣੀ ਮੰਗ ਨੂੰ ਲੈ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਸਪੀਕਰ ਓਮ ਬਿਰਲਾ ਨੇ ਕਾਂਗਰਸ ਆਗੂ ਅਧੀਰ ਰੰਜਨ ਚੌਧਰੀ ਨੂੰ ਬੋਲਣ ਦੀ ਇਜਾਜ਼ਤ ਦਿੱਤੀ। ਚੌਧਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮਨੀਪੁਰ ਬਾਰੇ ਸੰਸਦ 'ਚ ਬਿਆਨ ਦੇਣ। ਬਿਰਲਾ ਨੇ ਕਿਹਾ ਕਿ ਸਦਨ ਮਨੀਪੁਰ ਹਿੰਸਾ 'ਤੇ ਚਰਚਾ ਲਈ ਤਿਆਰ ਹੈ, ਪਰ ਵਿਚਾਰ ਚਰਚਾ 12 ਵਜੇ ਤੋਂ ਬਾਅਦ ਹੀ ਸ਼ੁਰੂ ਹੋ ਸਕਦੀ ਹੈ, ਕਿਉਂਕਿ 11 ਵਜੇ ਦਾ ਸਮਾਂ ਪ੍ਰਸ਼ਨ ਕਾਲ ਲਈ ਨਿਰਧਾਰਤ ਹੈ ਤੇ ਇਸ ਨਾਲ ਛੇੜਖਾਨੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਮੈਂਬਰਾਂ ਨੇ ਕਈ ਅਹਿਮ ਮੁੱਦਿਆਂ 'ਤੇ ਸਰਕਾਰ ਤੋਂ ਜਵਾਬ ਲੈਣੇ ਹੁੰਦੇ ਹਨ। ਸਪੀਕਰ ਨੇ ਕਿਹਾ-ਪੂਰਾ ਸਦਨ ਵਿਚਾਰ ਚਰਚਾ ਲਈ ਤਿਆਰ ਹੈ ਤੇ ਸਰਕਾਰ ਇਸ ਦਾ ਜਵਾਬ ਵੀ ਦੇਵੇਗੀ, ਪਰ ਤੁਸੀਂ ਇਹ ਫੈਸਲਾ ਨਹੀਂ ਕਰ ਸਕਦੇ ਕਿ ਕੌਣ ਜਵਾਬ ਦੇਵੇਗਾ। ਉਧਰ, ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਕਿਹਾ ਕਿ ਸਰਕਾਰ ਵਿਚਾਰ ਚਰਚਾ ਲਈ ਤਿਆਰ ਹੈ ਜਦੋਂਕਿ ਵਿਰੋਧੀ ਧਿਰ ਹੀ ਚਰਚਾ ਤੋਂ ਭੱਜ ਰਹੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਕਿਹਾ ਕਿ ਸਰਕਾਰ ਮਨੀਪੁਰ ਹਿੰਸਾ 'ਤੇ ਚਰਚਾ ਲਈ ਤਿਆਰ ਹੈ। ਸਦਨ ਦੀ ਕਾਰਵਾਈ ਅੱਧਾ ਕੁ ਘੰਟਾ ਚੱਲੀ, ਜਿਸ ਮਗਰੋਂ ਬਿਰਲਾ ਨੇ ਸਦਨ ਨੂੰ 12 ਵਜੇ ਤੱਕ ਲਈ ਮੁਲਤਵੀ ਕਰ ਦਿੱਤਾ।

## ਮਨੀਪੁਰ ਦੇ ਲੋਕ ਡਬਲ ਇੰਜਣ ਵਾਲੀ ਸਰਕਾਰ ਤੋਂ ਦੁਖੀ : ਰਾਘਵ ਚੱਢਾ

**ਨਵੀਂ ਦਿੱਲੀ :** 'ਆਪ' ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਭਾਰਤੀ ਸੰਵਿਧਾਨ ਦੀ ਧਾਰਾ 355 ਅਤੇ 356 ਨੂੰ ਬਰਕਰਾਰ ਰੱਖਣ ਵਿੱਚ ਅਸਫਲ ਰਹਿਣ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਹਮਲਾ ਕੀਤਾ। ਉਨ੍ਹਾ ਕਿਹਾ ਕਿ ਸਮੁੱਚਾ ਦੇਸ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮੰਗ ਕਰਦਾ ਹੈ ਕਿ ਉਹ ਮਨੀਪੁਰ ਦੀ ਸਥਿਤੀ ਦਾ ਹੱਲ ਕਰਨ ਅਤੇ ਇਹ ਦੱਸਣ ਕਿ ਸੂਬਾ ਕਿਉਂ ਅਸ਼ਾਂਤੀ ਦਾ ਸਾਹਮਣਾ ਕਰ ਰਿਹਾ ਹੈ।

ਰਾਜ ਸਭਾ ਮੈਂਬਰ ਨੇ ਮਨੀਪੁਰ ਵਿੱਚ ਰਾਜ ਅਤੇ ਕੇਂਦਰ ਸਰਕਾਰ ਦੀਆਂ ਅਸਫਲਤਾਵਾਂ 'ਤੇ ਚਰਚਾ ਕਰਨ ਲਈ ਨਿਯਮ 267 ਦੇ ਤਹਿਤ ਕਾਰੋਬਾਰੀ ਮੁਅੱਤਲੀ ਨੋਟਿਸ ਵੀ ਪੇਸ ਕੀਤਾ। ਉਹਨਾ ਕਿਹਾ ਕਿ ਸੰਵਿਧਾਨ ਦੇ ਅਨੁਛੇਦ 355 ਦੇ ਅਨੁਸਾਰ ਰਾਜਾਂ ਵਿੱਚ ਸ਼ਾਂਤੀ ਨੂੰ ਯਕੀਨੀ ਬਣਾਉਣਾ ਅਤੇ ਉਨ੍ਹਾਂ ਨੂੰ ਬਾਹਰੀ ਹਮਲੇ ਅਤੇ ਅੰਦਰੂਨੀ ਗੜਬੜੀ ਤੋਂ ਬਚਾਉਣਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ। ਮਨੀਪੁਰ ਸਪੱਸ਼ਟ ਤੌਰ 'ਤੇ ਅੰਦਰੂਨੀ ਗੜਬੜ ਦਾ ਸਾਹਮਣਾ ਕਰ ਰਿਹਾ ਹੈ ਅਤੇ ਇਹ ਕੇਂਦਰ ਦਾ ਫਰਜ਼ ਹੈ ਕਿ ਉਹ ਰਾਜ ਦੀ ਸੁਰੱਖਿਆ ਕਰੇ। ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਵਿੱਚ ਅਸਫਲ ਰਹੀ ਹੈ। ਚੱਢਾ ਨੇ ਭਾਜਪਾ ਸਰਕਾਰ ਨੂੰ ਧਾਰਾ 356 ਦੀ ਯਾਦ ਦਿਵਾਈ, ਜਿਸ ਵਿੱਚ ਕਿਹਾ ਗਿਆ ਹੈ ਕਿ ਜੇਕਰ ਰਾਜਪਾਲ ਕਿਸੇ ਰਾਜ ਵਿੱਚ ਕਾਨੂੰਨ ਵਿਵਸਥਾ ਅਤੇ ਸੰਵਿਧਾਨਕ ਮਸ਼ੀਨਰੀ ਦੇ ਵਿਗੜਨ ਦੀ ਰਿ

25-JULY-PAGE-1.qxd 7/24/2023 9:15 PM Page 2



# ਮੁੱਖ ਮੰਤਰੀ ਨੇ ਐੱਨ ਆਰ ਆਈ ਭਾਈਚਾਰੇ ਲਈ ਆਨਲਾਈਨ ਪੋਰਟਲ ਦੀ ਕੀਤੀ ਸ਼ੁਰੂਆਤ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਵਿਦੇਸ਼ਾਂ ਵਿਚ ਵਸਦੇ ਪੰਜਾਬੀ ਭਾਈਚਾਰੇ ਨੂੰ ਵੱਡੀ ਸਹੂਲਤ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮਾਲ ਵਿਭਾਗ ਨਾਲ ਸਬੰਧਤ ਦਸਤਾਵੇਜਾਂ ਦੀ ਐਮਬੌਸਿੰਗ (ਜ਼ਮੀਨ-ਜਾਇਦਾਦ ਦੇ ਦਸਤਾਵੇਜ਼ਾਂ ਦੀ ਤਸਦੀਕ) ਲਈ ਅਪਲਾਈ ਕਰਨ ਵਾਸਤੇ ਆਨਲਾਈਨ ਪੋਰਟਲ eservices.punjab.gov ਦੀ ਸ਼ੁਰੂਆਤ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਕਈ ਵਾਰ, ਭਾਰਤ ਤੋਂ ਬਾਹਰ ਰਹਿੰਦੇ ਵਿਅਕਤੀ (ਐਨ.ਆਰ.ਆਈ. ਜਾਂ ਓ.ਸੀ.ਆਈ.) ਨੂੰ ਸੂਬੇ ਵਿੱਚ ਸਥਿਤ ਕਿਸੇ ਜਾਇਦਾਦ ਨੂੰ ਵੇਚਣ/ਖਰੀਦਣ/ਕਿਰਾਏ 'ਤੇ ਦੇਣ/ਕਬਜ਼ਾ ਲੈਣ ਦੀ ਲੋੜ ਪੈਂਦੀ ਹੈ। ਕਈ ਵਾਰ ਸਬੰਧਤ ਵਿਅਕਤੀ ਭਾਰਤ ਦਾ ਦੌਰਾ ਨਹੀਂ ਕਰ ਸਕਦਾ ਅਤੇ ਦਸਤਾਵੇਜਾਂ ਨੂੰ ਰਜਿਸਟਰਡ ਕਰਵਾਉਣ ਲਈ ਸਬ-ਰਜਿਸਟਰਾਰ ਦਫਤਰ ਵਿੱਚ ਵਿਅਕਤੀਗਤ ਤੌਰ 'ਤੇ ਹਾਜਰ ਨਹੀਂ ਹੋ ਸਕਦਾ। ਅਜਿਹੇ ਪਰਵਾਸੀ ਭਾਰਤੀਆਂ ਦੀ ਸਹੂਲਤ ਲਈ ਹੁਣ ਸਾਰੀ ਪ੍ਰਕਿਰਿਆ ਨੂੰ ਡਿਜੀਟਲ ਕਰ ਦਿੱਤਾ ਗਿਆ ਹੈ, ਜਿਸ ਨਾਲ ਬਿਨੈਕਾਰ ਦਸਤਾਵੇਜਾਂ ਦੀ ਐਮਬੌਸਿੰਗ ਲਈ ਆਨਲਾਈਨ ਅਪਲਾਈ ਕਰ ਸਕਦੇ ਹਨ। ਇਹ ਦਸਤਾਵੇਜ਼ ਨਿਰਧਾਰਤ ਸ਼ਰਤਾਂ ਦੇ ਆਧਾਰ 'ਤੇ ਵੱਖ-ਵੱਖ ਥਾਵਾਂ ਜਿਵੇਂ ਕਿ ਜ਼ਿਲ੍ਹਾ, ਡਿਵੀਜ਼ਨਲ ਕਮਿਸ਼ਨਰ ਜਾਂ ਵਿੱਤ ਕਮਿਸ਼ਨਰ ਕੋਲ ਜਮ੍ਹਾਂ ਕਰਵਾਏ ਜਾ ਸਕਦੇ ਹਨ। ਸਲਾਟ ਬੁਕਿੰਗ (ਸਮਾਂ ਤੇ ਸਥਾਨ ਦੀ ਬੁਕਿੰਗ) ਦੀ ਸਹੂਲਤ ਹੈ, ਜੋ ਕਿ ਬਿਨੈਕਾਰਾਂ ਨੂੰ ਹਰੇਕ ਸਥਾਨ 'ਤੇ ਐਮਬੌਸਿੰਗ ਸੇਵਾ ਲਈ ਆਪਣੀ ਪਸੰਦੀਦਾ ਮਿਤੀ ਅਤੇ ਸਮਾਂ ਚੁਣਨ ਦੇ ਯੋਗ ਬਣਾਉਂਦੀ ਹੈ। ਉਨ੍ਹਾਂ ਕਿਹਾ ਕਿ ਬਿਨੈਕਾਰ ਲੋੜੀਂਦੀ ਫੀਸ ਆਨਲਾਈਨ ਵੀ ਜਮ੍ਹਾਂ ਕਰਵਾ ਸਕਣਗੇ ਅਤੇ ਨਾਗਰਿਕਾਂ ਨੂੰ ਆਪਣੇ ਦਸਤਾਵੇਜ ਨੂੰ ਐਮਬੌਸ ਕਰਵਾਉਣ ਲਈ ਸਿਰਫ ਇੱਕ ਵਾਰ ਸਬੰਧਤ ਦਫਤਰ ਆਉਣ ਦੀ ਲੋੜ ਹੈ।

# ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਰਾਹੀਂ ਮੌਤ ਵੰਡੀ ਜਾ ਰਹੀ ਹੈ : ਬਲਕਰਨ ਮੋਗਾ

■ ਲਿਬਰੇਸ਼ਨ ਦੇ ਕਾਰਕੁਨਾਂ ਫੂਕਿਆ ਕੇਂਦਰ ਸਰਕਾਰ ਦਾ ਪੁਤਲਾ

**ਮੋਗਾ (ਅਮਰਜੀਤ ਬੱਬਰੀ)**-ਨਸ਼ਾ ਨਹੀਂ ਰੁਜ਼ਗਾਰ ਚਾਹੀਦਾ ਹੈ ਪੰਜਾਬ ਦੀ ਜਵਾਨੀ ਨੂੰ, ਪਰ ਅਫਸੋਸ ਨਸ਼ਿਆਂ ਰਾਹੀਂ ਮੌਤ ਵੰਡੀ ਜਾ ਰਹੀ ਹੈ ਪੰਜਾਬ ਦੇ ਗੱਭਰੂਆ ਨੂੰ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲਿਬਰੇਸ਼ਨ ਪਾਰਟੀ ਦੇ ਜ਼ਿਲ੍ਹਾ ਸਕੱਤਰ ਬਲਕਰਨ ਮੋਗਾ ਨੇ ਪਿੰਡ ਸਿੰਘਾ ਵਾਲਾ ਜ਼ਿਲ੍ਹਾ ਮੋਗਾ ਵਿਖੇ ਪੰਜਾਬ ਤੇ ਕੇਂਦਰ ਸਰਕਾਰ ਦੇ ਪੁਤਲਾ ਫੂਕ ਪ੍ਰਦਰਸ਼ਨ ਦੌਰਾਨ ਕੀਤਾ। ਉਨ੍ਹਾ ਕਿਹਾ ਕਿ ਮੋਗਾ ਜ਼ਿਲ੍ਹੇ ਵਿੱਚ ਧੜੱਲੇ ਨਾਲ ਵਿਕ ਰਹੇ ਨਸ਼ਿਆਂ ਨੇ ਲੋਕਾਂ ਦੇ ਜਵਾਨ ਪੁੱਤ ਜਿਊਂਦੀਆਂ ਲਾਸ਼ਾਂ ਵਿੱਚ ਤਬਦੀਲ ਕਰ ਦਿੱਤੇ ਹਨ। ਘਰ ਘਰ ਸੱਥਰ ਵਿਛ ਰਹੇ ਹਨ, ਪਰ ਸਰਕਾਰ ਬੜੀ ਬੇਸ਼ਰਮੀ ਨਾਲ ਲੋਕਾਂ ਦੇ ਪੈਸਿਆਂ ਨਾਲ ਵੱਡੇ ਵੱਡੇ ਫਲੈਕਸ ਲਗਾ ਕੇ ਕਹਿ ਰਹੀ ਹੈ ਕਿ "ਸਾਡਾ ਕੰਮ ਬੋਲਦਾ"। ਸਰਕਾਰ ਨਸ਼ੇ ਰੋਕਣ ਵਿੱਚ ਬੁਰੀ ਤਰ੍ਹਾਂ ਅਸਫਲ ਸਾਬਿਤ ਹੋਈ ਹੈ। ਇਸ ਲਈ ਲੋਕ ਸਰਕਾਰ ਖਿਲਾਫ ਸੜਕਾਂ 'ਤੇ ਉਤਰਨ ਲਈ ਮਜਬੂਰ ਹੋ ਰਹੇ ਹਨ। ਇਸ ਮੌਕੇ ਮਨੀਪੁਰ ਵਿੱਚ ਔਰਤਾਂ ਨਾਲ ਵਾਪਰ ਰਹੀਆਂ ਬੇਹੱਦ ਸ਼ਰਮਨਾਕ ਘਟਨਾਵਾਂ ਲਈ ਸਿੱਧੇ ਤੌਰ 'ਤੇ ਕੇਂਦਰ ਦੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੂੰ ਦੋਸ਼ੀ ਠਹਿਰਾਉਂਦਿਆਂ ਦੇਸ਼ ਭਰ ਵਿੱਚ ਫੈਲਾਏ ਜਾ ਰਹੇ ਫਾਸ਼ੀਵਾਦ ਵਿਰੁੱਧ ਭਾਈਚਾਰਕ ਸਾਂਝ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਸੰਬੋਧਨ ਕਰਨ ਵਾਲੇ ਆਗੂਆਂ ਵਿੱਚ ਪਾਰਟੀ ਦੇ ਸੂਬਾ ਕਮੇਟੀ ਮੈਂਬਰ ਹਰਮਨਦੀਪ ਸਿੰਘ ਹਿੰਮਤਪੁਰਾ, ਪ੍ਰਗਤੀਸ਼ੀਲ ਮੰਚ ਦੇ ਜ਼ਿਲ੍ਹਾ ਪ੍ਰਧਾਨ ਸਕੱਤਰ ਅਮਨਦੀਪ ਸਿੰਘਾ ਵਾਲਾ, ਨਵਜੋਤ ਸਿੰਘ ਜੋਗੇ ਵਾਲਾ, ਕ੍ਰਾਂਤੀਕਾਰੀ ਮਜ਼ਦੂਰ ਯੂਨੀਅਨ ਦੇ ਆਗੂ ਲਖਵਿੰਦਰ ਸਿੰਘ, ਲੱਖਾ ਸਿੰਘ ਤੋਂ ਇਲਾਵਾ ਤਲਵੀਨ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਅਰਸ਼ਦੀਪ ਸਿੰਘ, ਨਿਧੜਕ ਸਿੰਘ, ਪਲਵਿੰਦਰ ਗੋਰਾ ਸ਼ਾਮਲ ਸਨ।

# ਮਾਨ ਸਰਕਾਰ ਦੇ 15 ਮਹੀਨੇ ਪੂਰੇ, ਪਰ ਅੰਗਹੀਣਾਂ ਦੇ ਮਸਲੇ ਅਜੇ ਵੀ ਅਧੂਰੇ !

**ਮਾਨਸਾ (ਆਤਮਾ ਸਿੰਘ ਪਮਾਰ)**-2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅੰਗਹੀਣਾਂ ਨਾਲ ਕਈ ਵਾਅਦੇ ਕਰਕੇ ਸੱਤਾ ਵਿੱਚ ਆਈ ਮਾਨ ਸਰਕਾਰ ਦੇ 15 ਮਹੀਨੇ ਪੂਰੇ ਹੋ ਚੁੱਕੇ ਹਨ, ਪਰ ਅੰਗਹੀਣ ਵਰਗ ਦੇ ਮਸਲੇ ਅਜੇ ਵੀ ਅਧੂਰੇ ਪਏ ਹਨ। ਫਿਜੀਕਲੀ ਹੈਂਡੀਕੈਪਡ ਐਸੋਸੀਏਸ਼ਨ ਦੇ ਪ੍ਰਧਾਨ ਅਵਿਨਾਸ਼ ਸ਼ਰਮਾ ਤੇ ਗੁਲਾਬ ਸਿੰਘ ਗੁਰੂਸਰ ਨੇ ਕਿਹਾ ਕਿ ਅੰਗਹੀਣਾਂ ਨਾਲ ਹਰ ਥਾਂ ਵਿਤਕਰਾ ਤੇ ਧੱਕੇਸ਼ਾਹੀ ਹੋ ਰਹੀ ਹੈ।

ਇਨ੍ਹਾਂ ਧੱਕੇਸ਼ਾਹੀਆਂ ਨੂੰ ਰੋਕਣ ਲਈ ਅੰਗਹੀਣਾਂ ਨੂੰ ਜਥੇਬੰਦ ਹੋ ਕੇ ਸੰਘਰਸ਼ ਦੇ ਮੈਦਾਨ 'ਚ ਆਉਣ ਦੀ ਅਣਸਰਦੀ ਲੋੜ ਹੈ ਤੇ ਸਮੁੱਚੇ ਵਰਗ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਔਰਤਾਂ ਵੱਲੋਂ ਵੀ ਸੰਘਰਸ਼ਾਂ 'ਚ ਬਰਾਬਰ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਅੰਗਹੀਣਾਂ ਨਾਲ ਵਾਅਦਾ ਕੀਤਾ ਸੀ ਕਿ ਸੂਬੇ 'ਚ ਆਪ ਪਾਰਟੀ ਦੀ ਸਰਕਾਰ ਬਨਣ 'ਤੇ ਪੜ੍ਹੇ-ਲਿਖੇ ਅੰਗਹੀਣ ਵਿਅਕਤੀਆਂ ਨੂੰ ਯੋਗਤਾ ਅਨੁਸਾਰ ਸਰਕਾਰੀ ਨੌਕਰੀਆਂ, 2500 ਰੁਪਏ ਪ੍ਰਤੀ ਮਹੀਨਾ ਪੈਨਸ਼ਨ, ਸਵੈ-ਰੋਜ਼ਗਾਰ ਲਈ ਬਿਨਾਂ ਵਿਆਜ ਤੇ ਬਿਨਾਂ ਕਿਸੇ ਗਰੰਟੀ ਤੋਂ ਕਰਜ਼ਾ ਦੇਣ ਤੋਂ ਇਲਾਵਾ ਉਨ੍ਹਾਂ ਨੂੰ ਜੀਵਨ ਜਿਉਣ ਲਈ ਲੋੜੀਂਦੀਆਂ ਸਾਰੀਆਂ ਬੁਨਿਆਦੀ ਸਹੂਲਤਾਂ ਦੇਣ ਦਾ ਪੂਰਾ ਪ੍ਰਬੰਧ ਕੀਤਾ ਜਾਵੇਗਾ, ਪਰ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ। ਆਗੂਆਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਨਵੇਂ ਨਵੇਂ ਫੁਰਮਾਨ ਜਾਰੀ ਕਰਕੇ ਅੰਗਹੀਣਾਂ ਨੂੰ ਪਹਿਲਾਂ ਮਿਲਦੀਆਂ ਸਹੂਲਤਾਂ ਵੀ ਖੋਹੀਆਂ ਜਾ ਰਹੀਆਂ ਹਨ, ਜਦੋਂ ਕਿ ਜਥੇਬੰਦੀ ਨੂੰ ਵਿੱਤ ਮੰਤਰੀ ਹਰਪਾਲ ਚੀਮਾ ਨੇ ਕੁਝ ਸਮਾਂ ਪਹਿਲਾਂ ਵਿਸ਼ਵਾਸ ਦਿਵਾਇਆ ਸੀ ਕਿ ਆਉਣ ਵਾਲੀ ਕੈਬਨਿਟ ਦੀ ਮੀਟਿੰਗ ਵਿੱਚ ਅੰਗਹੀਣਾਂ ਦੇ ਮਸਲਿਆਂ ਦਾ ਹੱਲ ਕੀਤਾ ਜਾਵੇਗਾ, ਪਰ ਪੰਜਾਬ ਸਰਕਾਰ ਸਹੂਲਤਾਂ ਦੇਣ ਦੀ ਬਜਾਏ ਉਨ੍ਹਾਂ ਨੂੰ ਪਹਿਲਾਂ ਮਿਲਦੀਆਂ ਸਹੂਲਤਾਂ ਵੀ ਖੋਹਣ ਵਿੱਚ ਜੁਟੀ ਹੋਈ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਇਸ ਵਿਰੁੱਧ ਸਖਤ ਐਕਸ਼ਨ ਉਲੀਕਿਆ ਜਾਵੇਗਾ। ਇਸ ਦੌਰਾਨ ਐਸੋਸੀਏਸ਼ਨ ਦੇ ਜ਼ਿਲ੍ਹਾ ਸਕੱਤਰ ਸੁਖਜੀਤ ਸਿੰਘ ਘੁੱਦੂਵਾਲਾ ਨੇ ਹਰ ਅੰਗਹੀਣ ਲਈ ਰੋਜ਼ਗਾਰ ਗਰੰਟੀ ਕਾਨੂੰਨ ਬਨਾਉਣ, ਹਰ ਵਿਦਿਆਰਥੀ ਲਈ ਮੁਫਤ ਤੇ ਲਾਜ਼ਮੀ ਵਿੱਦਿਆ ਦੀ ਗਰੰਟੀ ਅਤੇ ਮੁਫਤ ਸਿਹਤ ਸਹੂਲਤਾਂ ਦੇਣ ਦਾ ਤੁਰੰਤ ਪ੍ਰਬੰਧ ਕਰਨ ਦੀ ਮੰਗ ਕੀਤੀ। ਉਨ੍ਹਾ ਦਾਅਵਾ ਕੀਤਾ ਕਿ ਅੰਗਹੀਣ ਵਰਗ ਦੀਆਂ ਸਮੱਸਿਆਵਾਂ ਦਾ ਹੱਲ ਕਰਨ 'ਚ ਸਮੋਂ ਦੀਆਂ ਸਰਕਾਰਾਂ ਬੁਰੀ ਤਰ੍ਹਾਂ ਨਾਕਾਮ ਰਹੀਆਂ ਹਨ। ਇਸ ਕਾਰਨ ਉਹ ਆਪਣੇ ਸੰਵਿਧਾਨਕ ਹੱਕਾਂ ਤੋਂ ਵਾਂਝੇ ਹੋ ਕੇ ਰਹਿ ਗਏ ਹਨ ਤੇ ਸਮਾਜਿਕ ਅਤੇ ਆਰਥਿਕ ਪੱਖੋਂ ਬੁਰੀ ਤਰ੍ਹਾਂ ਪੱਛੜ ਚੁੱਕੇ ਹਨ। ਉਨ੍ਹਾ ਕਿਹਾ ਕਿ ਅੰਗਹੀਣ ਵਰਗ ਦੀਆਂ ਲੋੜੀਂਦੀਆਂ ਸਹੂਲਤਾਂ ਮੌਜੂਦ ਹੋਣ ਦੇ ਬਾਵਜੂਦ ਤੰਦਰੁਸਤ ਅਪੰਗਤਾ ਦਾ ਜਾਲ੍ਹੀ ਸਰਟੀਫਿਕੇਟ ਲੈ ਕੇ ਸਰਕਾਰੀ ਨੌਕਰੀ ਕਰਕੇ ਉਨ੍ਹਾਂ ਦੇ ਹੱਕ ਮਾਰੇ ਜਾ ਰਹੇ ਹਨ, ਇੱਥੋਂ ਤੱਕ ਕਿ ਉਨ੍ਹਾਂ ਨੂੰ ਆਪਣੀਆਂ ਨਿੱਕੀਆਂ ਨਿੱਕੀਆਂ ਜ਼ਰੂਰਤਾਂ ਪੂਰੀਆਂ ਕਰਵਾਉਣ ਲਈ ਵੀ ਸੰਘਰਸ਼ ਕਰਨਾ ਪੈ ਰਿਹਾ ਹੈ। ਉਨ੍ਹਾਂ ਨੂੰ ਹਰ ਥਾਂ ਧੱਕੇਸ਼ਾਹੀਆਂ, ਵਤਕਰਿਆਂ ਤੇ ਬੇਇਨਸਾਫੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਕਿੱਧਰੇ ਵੀ ਉਨ੍ਹਾਂ ਦੀ ਸੁਣਵਾਈ ਨਹੀਂ ਹੁੰਦੀ। ਉਨ੍ਹਾ ਕਿਹਾ ਕਿ ਸਰਕਾਰ ਤੋਂ ਆਪਣੇ ਹੱਕ ਲੈਣ ਸਬੰਧੀ ਆਉਣ ਵਾਲੇ ਕੁਝ ਦਿਨਾਂ ਵਿੱਚ ਮਾਨਸਾ-ਬਠਿੰਡਾ ਤੇ ਬਰਨਾਲਾ ਜ਼ਿਲ੍ਹਿਆਂ ਦੀ ਇੱਕ ਸਾਂਝੀ ਮੀਟਿੰਗ ਮਾਨਸਾ ਵਿਖੇ ਕੀਤੀ ਜਾਵੇਗੀ। ਇਸ ਦੌਰਾਨ ਪੰਜਾਬ ਸਰਕਾਰ ਖਿਲਾਫ ਸੰਘਰਸ਼ ਲਈ ਅਗਲਾ ਐਕਸ਼ਨ ਪ੍ਰੋਗਰਾਮ ਉਲੀਕਿਆ ਜਾਵੇਗਾ।

## ਸਿਵਲ ਸਰਜਨ ਵੱਲੋਂ ਜੱਚਾ-ਬੱਚਾ ਸਿਹਤ ਸਹੂਲਤਾਂ ਦਾ ਜਾਇਜ਼ਾ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਿਵਲ ਸਰਜਨ ਡਾਕਟਰ ਦਵਿੰਦਰਜੀਤ ਕੌਰ ਨੇ ਜ਼ਿਲ੍ਹਾ ਹਸਪਤਾਲ ਵਿੱਚ ਜੱਚਾ-ਬੱਚਾ ਵਾਰਡ ਦਾ ਦੌਰਾ ਕੀਤਾ। ਦੌਰਾ ਕਰਨ ਮੌਕੇ ਉਨ੍ਹਾਂ ਮਰੀਜ਼ਾਂ ਨਾਲ ਗੱਲਬਾਤ ਕੀਤੀ ਤੇ ਹਸਪਤਾਲ ਵਿੱਚ ਉਨ੍ਹਾਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ। ਦਾਖਲ ਮਰੀਜ਼ਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਦਵਿੰਦਰਜੀਤ ਕੌਰ ਨੇ ਉਨ੍ਹਾਂ ਨੂੰ ਪੁੱਛਿਆ ਕਿ ਜੇਕਰ ਉਨ੍ਹਾਂ ਨੂੰ ਸਿਹਤ ਸਹੂਲਤਾਂ ਵਿੱਚ ਕੋਈ ਮੁਸ਼ਕਲ ਪੇਸ਼ ਆਈ ਹੋਵੇ ਤਾਂ ਉਹ ਉਨ੍ਹਾਂ ਦੇ ਧਿਆਨ 'ਚ ਲਿਆਉਣ, ਕਿਉਂਕਿ ਸਰਕਾਰ ਵੱਲੋਂ ਜੱਚਾ-ਬੱਚਾ ਨੂੰ ਸਿਹਤ ਸਹੂਲਤਾਂ ਪਹਿਲ ਦੇ ਆਧਾਰ 'ਤੇ ਬਿਲਕੁਲ ਮੁਫਤ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਉਨ੍ਹਾ ਆਮ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਸਟਾਫ ਨੂੰ ਪ੍ਰੇਰਿਤ ਕੀਤਾ ਤੇ ਬੱਚਿਆਂ ਦਾ ਟੀਕਾਕਰਨ ਸਮੋਂ ਸਿਰ ਕਰਵਾਉਣ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਉਨ੍ਹਾ ਸਮੁੱਚੇ ਸਟਾਫ ਨੂੰ ਮਰੀਜ਼ਾਂ ਨਾਲ ਵਧੀਆ ਵਿਹਾਰ ਕਰਨ ਤੇ ਸਾਫ ਸਫਾਈ ਦਾ ਖਾਸ ਧਿਆਨ ਰੱਖਣ ਦੀ ਹਦਾਇਤ ਵੀ ਕੀਤੀ। ਸਿਹਤ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਦਾ ਜਾਇਜ਼ਾ ਲਿਆ।

# ਸਪਰਿੰਗ ਡਿਊ ਸਕੂਲ ਦੇ ਵਿਦਿਆਰਥੀਆਂ ਨੂੰ ਪ੍ਰਸੰਸਾ ਪੱਤਰ

**ਜਗਰਾਉਂ (ਅਮਿਤ ਖੰਨਾ)**-ਪਰੀਕਸ਼ਾ ਪੇ ਚਰਚਾ ਇੱਕ ਅਜਿਹਾ ਪਲੇਟਫਾਰਮ ਹੈ, ਜਿੱਥੇ ਭਾਰਤ ਦੇ ਪ੍ਰਧਾਨ ਮੰਤਰੀ ਦੇਸ਼ ਭਰ ਦੇ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨਾਲ ਗੱਲਬਾਤ ਕਰਦੇ ਹਨ। ਇਮਤਿਹਾਨ ਦੇਣ ਵਾਲੇ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਤਣਾਅ ਦੇ ਪੇਪਰ ਦੇਣ ਦੀ ਕੋਸ਼ਿਸ਼ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਸਮਾਗਮ ਦਾ ਸਿੱਧਾ ਪ੍ਰਸਾਰਨ ਸਕੂਲ ਵਿੱਚ ਵਿਦਿਆਰਥੀਆਂ ਨੂੰ ਦਿਖਾਇਆ ਗਿਆ। ਵਾਈਸ ਪ੍ਰਿੰਸੀਪਲ ਬੇਅੰਤ ਕੁਮਾਰ ਬਾਵਾ ਨੇ ਦੱਸਿਆ ਕਿ ਪ੍ਰਿੰਸੀਪਲ ਨਵਨੀਤ ਚੌਹਾਨ ਦੀ ਅਗਵਾਈ 'ਚ 'ਪਰੀਕਸ਼ਾ ਪੇ ਚਰਚਾ' ਪ੍ਰੋਗਰਾਮ ਵਿੱਚ 5 ਅਧਿਆਪਕਾਂ ਤੇ 13 ਵਿਦਿਆਰਥੀਆਂ ਨੇ ਭਾਗ ਲਿਆ ਅਤੇ ਸਰਟੀਫਿਕੇਟ ਪ੍ਰਾਪਤ ਕੀਤੇ। ਮੈਡਮ ਅਮਨਦੀਪ ਕੌਰ, ਮੈਡਮ ਸਰਨਜੀਤ ਕੌਰ, ਮੈਡਮ ਕਰਮਜੀਤ ਸੰਗਰਾਵਾਂ, ਮੈਡਮ ਕਰਮਜੀਤ ਕੌਰ ਤੇ ਪਰਮਵੀਰ ਸਿੰਘ ਨੇ ਪ੍ਰਸੰਸਾ ਪੱਤਰ ਪ੍ਰਾਪਤ ਕੀਤੇ। ਵਿਦਿਆਰਥਣ ਰਿਤਿਕਾ, ਅਰਵਿੰਦਰ ਸ਼ਰਮਾ, ਹਰਮਨਦੀਪ ਕੌਰ, ਸੁਮਨਪ੍ਰੀਤ ਕੌਰ, ਜਸਲੀਨ ਕੌਰ, ਤਰਨਵੀਰ ਸਿੰਘ ਚਹਿਲ, ਗੁਰਸ਼ਰਨ ਸਿੰਘ ਸਿੱਧੂ, ਜਗਰੀਤ ਕੌਰ, ਖੁਸ਼ਦੀਪ ਕੌਰ, ਜੈਸਮੀਨ ਕੌਰ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਪ੍ਰਿੰਸੀਪਲ ਨਵਨੀਤ ਚੌਹਾਨ ਵੱਲੋਂ ਪ੍ਰਸੰਸਾ ਪੱਤਰ ਪ੍ਰਾਪਤ ਹੋਏ। ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਮਨਜੋਤ ਕੁਮਾਰ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ, ਹਰਜੀਤ ਸਿੰਘ ਸਿੱਧੂ (ਐੱਨ.ਆਰ.ਆਈ.) ਤੇ ਮੈਨੇਜਰ ਮਨਦੀਪ ਚੌਹਾਨ ਨੇ ਬੱਚਿਆਂ ਤੇ ਮਾਪਿਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ।

# ਭਲਾਈਆਣਾ ਤੇ ਆਸਪਾਸ ਦੇ ਪਿੰਡਾਂ 'ਚ ਭਾਰੀ ਬਾਰਸ਼, ਫਸਲਾਂ ਤੇ ਮਕਾਨਾਂ ਦਾ ਨੁਕਸਾਨ

■ ਅਜੇ ਤੱਕ ਕੋਈ ਸਾਰ ਨਹੀਂ ਲੈਣ ਆਇਆ ਸਰਕਾਰੀ ਅਧਿਕਾਰੀ, ਲੋਕਾਂ 'ਚ ਭਾਰੀ ਰੋਸ

**ਰਿੱਦੜਬਹਾ (ਜਸਵੰਤ ਗਿੱਲ ਛੱਤਿਆਣਾ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ ਜਨਰਲ ਸਕੱਤਰ ਗੁਰਭਗਤ ਸਿੰਘ ਭਲਾਈਆਣਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਪਿੰਡ ਭਲਾਈਆਣਾ ਸਾਹਿਬ ਚੰਦ ਕੋਠੇ ਕੋਰ ਸਿੰਘ ਅਬਲੂ ਕੋਠੇ ਅਮਨਗੜ੍ਹ ਮੱਲਣ ਆਦਿ ਪਿੰਡਾਂ ਵਿੱਚ ਭਾਰੀ ਬਾਰਸ ਨਾਲ ਫਸਲਾਂ ਝੋਨਾ, ਸਬਜ਼ੀਆਂ, ਹਰੇ ਚਾਰੇ, ਫਲਾਂ, ਘਰਾਂ ਤੇ ਮਕਾਨਾਂ ਆਦਿ ਦਾ ਭਾਰੀ ਨੁਕਸਾਨ ਹੋ ਗਿਆ ਹੈ। ਨੀਵੀਆਂ ਥਾਂਵਾਂ 'ਤੇ ਫਸਲਾਂ 'ਚ ਪਾਣੀ ਭਰ ਗਿਆ ਹੈ ਅਤੇ ਛੱਪੜਾਂ ਦੀ ਮਾੜੀ ਨਿਕਾਸੀ ਕਾਰਨ ਘਰਾਂ ਵਿੱਚ ਪਾਣੀ ਭਰ ਗਿਆ, ਪਰ ਤੀਜੇ ਦਿਨ ਵੀ ਕਿਸਾਨਾਂ ਮਜ਼ਦੂਰਾਂ ਦੀ ਸਾਰ ਲੈਣ ਲਈ ਕੋਈ ਵੀ ਅਧਿਕਾਰੀ ਮੌਕੇ 'ਤੇ ਨਹੀਂ ਆਇਆ, ਜਿਸ ਕਰਕੇ ਕਿਸਾਨਾਂ ਮਜ਼ਦੂਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ, ਜਨਰਲ ਸਕੱਤਰ ਗੁਰਭਗਤ ਸਿੰਘ ਭਲਾਈਆਣਾ, ਗੁਰਮੀਤ ਸਿੰਘ, ਬਿੱਟੂ ਮੱਲਣ, ਜੋਗਿੰਦਰ ਸਿੰਘ ਬੁੱਟਰ ਸਰੀਂ

25-July-Page-3.qxd 7/24/2023 10:51 PM Page 1



# ਹਜ਼ਾਰਾਂ ਅਧਿਆਪਕਾਂ ਦੀ ਲੱਗੀ ਬੀ ਐੱਲ ਓ ਵਜੋਂ ਡਿਊਟੀ ਮੁੱਢੋਂ ਰੱਦ ਹੋਵੇ : ਡੀ ਟੀ ਐੱਫ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਅਧਿਆਪਕਾਂ ਨੂੰ ਗੈਰ-ਵਿੱਦਿਅਕ ਕੰਮਾਂ ਛੁਟਕਾਰਾ ਦੁਆਉਣ ਦਾ ਦਾਅਵਾ ਕਰਨ ਵਾਲੀ ਪੰਜਾਬ ਸਰਕਾਰ ਵੱਲੋਂ ਇੱਕ ਮਹੀਨੇ ਲਈ ਸਕੂਲਾਂ ਵਿੱਚੋਂ ਹਜ਼ਾਰਾਂ ਅਧਿਆਪਕਾਂ ਨੂੰ ਬੀਐੱਲਓ (ਬੂਥ ਲੈਵਲ ਅਫਸਰ) ਦੀ ਗੈਰ-ਵਿੱਦਿਅਕ ਡਿਊਟੀ ਤੇ ਤਾਇਨਾਤ ਕਰਨ ਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਪੰਜਾਬ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਇਸ ਸੰਬੰਧੀ ਡੀਟੀਐੱਫ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਨੇ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸਰਕਾਰ ਦੇ ਅਜਿਹੇ ਫੈਸਲੇ ਨਾਲ ਸਿੱਖਿਆ ਨੂੰ ਪਹਿਲ ਦੇਣ ਦੇ ਦਾਅਵੇ ਖੋਖਲੇ ਸਾਬਤ ਹੋ ਰਹੇ ਹਨ। ਆਗੂਆਂ ਨੇ ਦੱਸਿਆ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਪਹਿਲਾਂ ਹੀ ਵੱਡੀ ਘਾਟ ਹੈ। ਬਹੁਤ ਸਾਰੇ ਸਕੂਲ ਅਜਿਹੇ ਹਨ, ਜਿੱਥੇ ਇੱਕ ਵੀ ਅਧਿਆਪਕ ਪੱਕੇ ਤੌਰ 'ਤੇ ਤਾਇਨਾਤ ਨਹੀਂ ਹੈ ਅਤੇ ਕਈ ਸਕੂਲ ਸਿੰਗਲ ਟੀਚਰ ਹਨ। ਅਜਿਹੇ ਵਿੱਚ ਜਦੋਂ 15 ਹਜ਼ਾਰ ਤੋਂ ਵਧੇਰੇ ਸਰਕਾਰੀ ਅਧਿਆਪਕ ਪਹਿਲਾ ਹੀ ਬੀਐੱਲਓ ਡਿਊਟੀਆਂ ਨਿਭਾਅ ਰਹੇ ਹਨ, ਹੁਣ ਪੰਜਾਬ ਸਰਕਾਰ ਵੱਲੋਂ ਵੱਡੀ ਗਿਣਤੀ ਹੋਰ ਅਧਿਆਪਕਾਂ ਨੂੰ ਇਸ ਗੈਰ-ਵਿੱਦਿਅਕ ਡਿਊਟੀ ਤੇ ਭੇਜਣ ਦਾ ਫੈਸਲਾ ਕੀਤਾ ਗਿਆ ਹੈ ਜਿਸ ਤਹਿਤ ਹਜ਼ਾਰਾਂ ਦੀ ਗਿਣਤੀ ਵਿੱਚ ਅਧਿਆਪਕਾਂ ਨੂੰ ਸਕੂਲਾਂ ਵਿੱਚੋਂ ਕੱਢ ਕੇ ਇੱਕ ਮਹੀਨੇ ਲਈ ਬੀਐੱਲਓ ਦੀ ਡੋਰ ਟੂ ਡੋਰ ਡਿਊਟੀ 'ਤੇ ਤਾਇਨਾਤ ਕਰ ਦਿੱਤਾ ਗਿਆ ਹੈ। ਇਸ ਤਾਇਨਾਤੀ ਉਪਰੰਤ ਪਹਿਲਾਂ ਤੋਂ ਹੀ ਅਧਿਆਪਕਾਂ ਦੀ ਘਾਟ ਨਾਲ ਜੂਝ ਰਹੇ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ ਚੱਲਦੀ ਸਿੱਖਣ ਸਿਖਾਉਣ ਪ੍ਰਕ੍ਰਿਆ ਵਿੱਚ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ।

ਡੀਟੀਐੱਫ ਦੇ ਤਰਨ ਤਾਰਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ, ਜਨਰਲ ਸਕੱਤਰ ਕਸਮੀਰ ਸਿੰਘ ਚੋਹਲਾ, ਕੰਵਰਦੀਪ ਸਿੰਘ ਢਿੱਲੋਂ, ਅਮਰਦੀਪ ਸ਼ਰਮਾ, ਭੁਪਿੰਦਰ ਸਿੰਘ ਨਾਗੀ, ਬਲਰਾਜ ਸਿੰਘ, ਜਸਕੀਰਤ ਸਿੰਘ ਪਹੂਵਿੰਡ, ਸਰਬਜੀਤ ਸਿੰਘ ਕਾਜੀਕੋਟ ਪ੍ਰਿੰਸਦੀਪ ਸਿੰਘ, ਅੰਗਰੇਜ਼ ਸਿੰਘ, ਗੁਰਪ੍ਰੀਤ ਸਿੰਘ ਆਦਿ ਨੇ ਮੰਗ ਕੀਤੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੀਤੇ ਵਾਅਦਿਆਂ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਧਾਨ ਸਭਾ ਤੋਂ ਲੈ ਕੇ ਵੱਖ-ਵੱਖ ਥਾਈਂ ਕੀਤੇ ਜਨਤਕ ਐਲਾਨਾਂ ਅਨੁਸਾਰ ਅਧਿਆਪਕਾਂ ਨੂੰ ਗੈਰ-ਵਿੱਦਿਅਕ ਕੰਮਾਂ ਤੋਂ ਪੂਰੀ ਤਰ੍ਹਾਂ ਛੁਟਕਾਰਾ ਦਿਵਾ ਕੇ ਅਧਿਆਪਕਾਂ ਤੋਂ ਸਿਰਫ ਵਿੱਦਿਅਕ ਕੰਮ ਲਵੇ ਤਾਂ ਜੋ ਕੌਮ ਦਾ ਨਿਰਮਾਤਾ ਸਮਾਜ ਨਿਰਮਾਣ ਦੀ ਜ਼ਿੰਮੇਵਾਰੀ ਨੂੰ ਸਹੀ ਢੰਗ ਨਾਲ ਕਰ ਸਕੇ।

## ਹੜ੍ਹਾਂ ਤੇ ਹੋਰ ਮਸਲਿਆਂ ਨੂੰ ਲੈ ਕੇ ਦੋ ਕਿਸਾਨ ਜਥੇਬੰਦੀਆਂ ਦੀ ਮੁੱਖ ਮੰਤਰੀ ਨਾਲ ਮੀਟਿੰਗ ਤੈਅ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਤੇ ਬੀਕੇਯੂ ਏਕਤਾ ਆਜ਼ਾਦ ਵੱਲੋਂ ਹੜ੍ਹਾਂ ਦੀ ਮਾਰ ਹੇਠਾਂ ਆਏ ਕਿਸਾਨਾਂ ਨੂੰ ਸਰਕਾਰ ਪਾਸੋਂ ਮਦਦ ਮੁਹੱਈਆ ਕਰਵਾਉਣ, ਆਬਾਦਕਾਰਾਂ ਨੂੰ ਪੱਕੇ ਮਾਲਕੀ ਹੱਕ ਦਿਵਾਉਣ, ਭਾਰਤ ਮਾਲਾ ਪ੍ਰੋਜੈਕਟ ਤਹਿਤ ਅਕਵਾਇਰ ਕੀਤੀਆਂ ਜ਼ਮੀਨਾਂ ਦੇ ਮਾਲਕਾਂ ਨੂੰ ਢੁੱਕਵਾਂ ਮੁਆਵਜ਼ਾ ਦਿਵਾਉਣ, ਬਿਜਲੀ ਵਿਭਾਗ ਨਾਲ ਸਬੰਧਿਤ ਮਸਲਿਆਂ ਨੂੰ ਹੱਲ ਕਰਵਾਉਣ, ਕੇਰਲ ਸਰਕਾਰ ਦੀ ਤਰਜ਼ 'ਤੇ ਫਸਲਾਂ ਦੀ ਐੱਮਐੱਸਪੀ ਦਾ ਕਾਨੂੰਨ ਬਣਾਉਣ ਆਦਿ ਮਸਲਿਆਂ ਨੂੰ ਲੈ ਕੇ ਮਿਤੀ 24 ਅਤੇ 25 ਜੁਲਾਈ ਨੂੰ ਡੀਸੀ ਦਫਤਰਾਂ ਅਤੇ ਰੇਲ ਮਾਰਗਾਂ 'ਤੇ ਲੱਗਣ ਵਾਲੇ ਮੋਰਚੇ ਸਰਕਾਰ ਵੱਲੋਂ ਸੰਘਰਸ ਦੇ ਦਬਾਅ ਅੱਗੇ ਝੁਕਦਿਆਂ ਮਿਤੀ 18 ਅਗਸਤ ਨੂੰ ਮੀਟਿੰਗ ਲਈ ਸੱਦਾ ਪੱਤਰ ਮਿਲਣ ਤੋਂ ਬਾਅਦ ਅਤੇ ਲੋਕਾਂ ਨੂੰ ਆਉਣ ਵਾਲੀਆਂ ਪ੍ਰੇਸ਼ਾਨੀਆਂ ਨੂੰ ਮੱਖ ਰੱਖਦੇ ਹੋਏ ਮੁਲਤਵੀ ਕਰ ਦਿੱਤੇ ਗਏ ਹਨ। ਉਪਰੋਕਤ ਜਾਣਕਾਰੀ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਅਤੇ ਬੀਕੇਯੂ ਏਕਤਾ ਆਜ਼ਾਦ ਤੋਂ ਸੂਬਾਈ ਆਗੂ ਜਸਵਿੰਦਰ ਸਿੰਘ ਲੌਂਗੋਵਾਲ ਅਤੇ ਮਨਜੀਤ ਸਿੰਘ ਨਿਆਲ ਵੱਲੋਂ ਪ੍ਰੈਸ ਨੋਟ ਜਾਰੀ ਕਰਕੇ ਦਿੱਤੀ ਗਈ। ਉਪਰੋਕਤ ਆਗੂਆਂ ਨੇ ਕਿਹਾ ਕਿ ਮਣੀਪੁਰ ਦੇ ਨਾਜ਼ੁਕ ਹਾਲਾਤ ਲਈ ਕੇਂਦਰ ਦੀ ਬੀਜੇਪੀ ਸਰਕਾਰ ਜ਼ਿੰਮੇਵਾਰ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨਾਲ ਮੀਟਿੰਗ ਵਿੱਚੋਂ ਕੋਈ ਸਾਰਥਕ ਨਤੀਜਾ ਨਾ ਨਿਕਲਿਆ ਤਾਂ ਜਥੇਬੰਦੀ ਲੋਕਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਸੰਘਰਸ਼ ਕਰਨ ਨੂੰ ਤਿਆਰ ਹਨ। ਇਸਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਮਿਤੀ 22 ਅਗਸਤ ਨੂੰ ਹੜ੍ਹਾਂ ਦੀ ਦੇਸ਼ ਵਿਆਪੀ ਸਥਿਤੀ ਨੂੰ ਲੈ ਕੇ ਉਲੀਕੇ ਪ੍ਰੋਗਰਾਮ ਵਿੱਚ ਤਿੱਖੇ ਐਕਸ਼ਨ ਕੀਤੇ ਜਾਣਗੇ। ਇਸ ਮੌਕੇ ਉਨ੍ਹਾਂ ਸੂਬੇ ਦੀਆਂ ਸਮੂਹ ਜਥੇਬੰਦੀਆਂ ਨੂੰ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਉਣ ਦੀ ਅਪੀਲ ਕੀਤੀ।

# ਨਗਰ ਕੌਂਸਲ ਦੀ ਨਾਲਾਇਕੀ ਕਾਰਨ ਮਜੀਠਾ ਜਲਥਲ

**ਮਜੀਠਾ (ਸੋਇਮ ਆਨੰਦ)**-ਬਾਰਸ਼ ਨਾਲ ਮਜੀਠਾ ਸ਼ਹਿਰ ਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਜਲਥਲ ਹੋ ਗਿਆ। ਤੇਜ਼ ਬਾਰਸ਼ ਨਾਲ ਮਜੀਠਾ ਸ਼ਹਿਰ ਦੀਆਂ ਸੜਕਾਂ, ਬਜ਼ਾਰ ਤੇ ਗਲੀਆਂ ਦੇ ਨਾਲ-ਨਾਲ ਸਰਕਾਰੀ ਅਦਾਰਿਆਂ ਜਿਵੇਂ ਸਰਕਾਰੀ ਹਸਪਤਾਲ, ਬਲਾਕ ਦਫਤਰ, ਪੁਲਸ ਥਾਣਾ, ਪੁਰਾਣਾ ਬੱਸ ਸਟੈਂਡ, ਨਵਾਂ ਬੱਸ ਸਟੈਂਡ ਦੇ ਨਾਲ ਨਾਲ ਕਈ ਪ੍ਰਾਈਵੇਟ ਅਦਾਰਿਆਂ ਵਿੱਚ ਵੀ ਬਾਰਸ਼ ਦੇ ਪਾਣੀ ਨਾਲ ਭਰ ਗਏ।

ਬਾਰਸ਼ ਰੁਕਣ ਦੇ 4 ਘੰਟੇ ਬਾਅਦ ਇਹ ਪਾਣੀ ਘਟਿਆ। ਇਸ ਦਾ ਕਾਰਨ ਸ਼ਹਿਰ ਵਾਸੀਆਂ ਵੱਲੋਂ ਸ਼ਹਿਰ ਦੀ ਸੀਵਰੇਜ ਸਿਸਟਮ ਦੀ ਸਫਾਈ ਦਾ ਨਾ ਹੋਣਾ ਦੱਸਿਆ। ਨਗਰ ਕੌਂਸਲ ਮਜੀਠਾ ਵਿਖੇ ਸਫਾਈ ਕਰਮਚਾਰੀ ਤਾਂ ਹਨ ਪਰ ਸੀਵਰੇਜ ਜਾਂ ਨਾਲੇ ਨਾਲੀਆਂ ਨੂੰ ਕਦੇ ਸਾਫ ਕਰਦੇ ਨਹੀਂ ਵੇਖਿਆ। ਇਲਾਕੇ ਦੇ ਲੋਕ ਕਹਿੰਦੇ ਨੇ ਕਿ ਮਜੀਠਾ ਵਿੱਚ ਪ੍ਰਧਾਨ ਸਮੇਤ 12 ਕੌਂਸਲਰ ਹਨ ਪਰ ਇਨ੍ਹਾਂ ਨੇ ਅਜੇ ਤੱਕ ਸੰਭਾਵਿਤ ਹੜ੍ਹਾਂ ਵਰਗੀਂ ਸਥਿਤੀ ਨੂੰ ਨਜਿੱਠਣ ਵਾਸਤੇ ਕੋਈ ਵੀ ਰੂਪ ਰੇਖਾ ਨਹੀਂ ਤਿਆਰ ਕੀਤੀ ਤੇ ਨਾ ਹੀ ਨਗਰ ਕੌਂਸਲ ਦੇ ਪ੍ਰਧਾਨ ਜਾਂ ਕਾਰਜਸਾਧਕ ਅਫਸਰ ਵੱਲੋਂ ਇਸ ਮੁੱਦੇ 'ਤੇ ਕੋਈ ਹੰਗਾਮੀ ਮੀਟਿੰਗ ਸੱਦੀ ਗਈ। ਆਪ ਸਰਕਾਰ, ਹੋਰ ਬਹੁਤ ਸਾਰੀਆਂ ਸਮਾਜਿਕ ਤੇ ਸਮਾਜ ਸੇਵੀ ਸੰਸਥਾਵਾਂ ਸਾਰੇ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਵਾਸਤੇ ਯਤਨਸ਼ੀਲ ਹਨ ਪਰ ਮਜੀਠਾ ਵਿੱਚ ਹਰ ਬਰਸਾਤੀ ਮੌਸਮ ਵਿਚ ਇੰਦਾਂ ਹੀ ਹੁੰਦਾ ਹੈ।

ਬਰਸਾਤੀ ਮੌਸਮ ਜਾਣ ਤੋਂ ਬਾਅਦ ਵੀ ਮਜੀਠਾ ਵਾਸੀਆਂ ਨੂੰ ਰੱਬ ਆਸਰੇ ਛੱਡ ਦਿੱਤਾ ਜਾਂਦਾ ਹੈ। ਸਭ ਤੋਂ ਵੱਡਾ ਕਾਰਨ ਸ਼ਹਿਰ ਵਿੱਚ ਨਵਾਂ ਪਿਆ ਸੀਵਰੇਜ ਹੈ। ਉਹ ਕੋਈ ਵੀ ਵਿਓਂਤਬੰਦੀ ਨਾਲ ਨਹੀਂ ਬਣਾਇਆ ਗਿਆ। ਬਰਸਾਤੀ ਪਾਣੀ ਦਾ ਨਿਕਾਸ ਨਹੀਂ ਹੈ ਤੇ ਹਰ ਬਰਸਾਤੀ ਮੌਸਮ ਵਿਚ ਮਜੀਠਾ ਵਾਸੀ ਅਪਣੇ ਆਪ ਨੂੰ ਠੱਗੇ ਮਹਿਸੂਸ ਕਰਦੇ ਨੇ।

## ਡਰੇਨਾਂ ਦਾ ਜਾਇਜ਼ਾ ਲੈਣ ਸਾਂਸਦ ਔਜਲਾ ਵਰ੍ਹਦੇ ਮੀਂਹ 'ਚ ਮਜੀਠਾ ਪਹੁੰਚੇ

**ਮਜੀਠਾ (ਸੋਇਮ ਆਨੰਦ)**-ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਮਜੀਠਾ ਦੇ ਆਲੇ-ਦੁਆਲੇ ਚੱਲਦੀਆਂ ਡਰੇਨਾਂ ਜੋ ਬਲਾਕ ਹੋ ਗਈਆਂ ਸਨ, ਦਾ ਜਾਇਜ਼ਾ ਲੈਣ ਵਾਸਤੇ ਵਰ੍ਹਦੇ ਮੀਂਹ ਵਿਚ ਮਜੀਠਾ ਵਿਖੇ ਪੁੱਜੇ। ਇਸ ਤੋਂ ਪਹਿਲਾਂ ਬੀਤੇ ਦਿਨੀਂ ਜਦ ਬਰਸਾਤ ਹੋਈ ਸੀ ਤਾਂ ਐਸਡੀਐਮ ਮਜੀਠਾ ਡਾ: ਹਰਨੂਰ ਕੌਰ ਢਿੱਲੋਂ ਨੇ ਪਹਿਲਕਦਮੀ ਕਰਦਿਆਂ ਡਰੇਨਾਂ ਦੀ ਸਫਾਈ ਕਰਾਉਣ ਦਾ ਕੰਮ ਸ਼ੁਰੂ ਕਰਾਇਆ ਸੀ ਪਰ ਡਰੇਨਾਂ 'ਤੇ ਨਾਜਾਇਜ਼ ਕਬਜ਼ਾਧਾਰਕਾਂ ਨੇ ਸਫਾਈ ਦੇ ਕੰਮ ਵਿਚ ਵਿਘਨ ਪਾ ਦਿੱਤਾ ਸੀ ਜਿਸ 'ਤੇ ਸਬੰਧਤ ਕਿਸਾਨਾਂ ਵਲੋਂ ਸਾਂਸਦ ਗੁਰਜੀਤ ਸਿੰਘ ਔਜਲਾ ਤੱਕ ਪਹੁੰਚ ਕੀਤੀ ਤਾਂ ਔਜਲਾ ਨੇ ਮੌਕੇ ਦਾ ਜਾਇਜ਼ਾ ਲਿਆ ਅਤੇ ਡਰੇਨੇਜ ਵਿਭਾਗ, ਮਾਲ ਵਿਭਾਗ, ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਬੁਲਾਇਆ ਗਿਆ। ਇਸ ਮੌਕੇ ਇਕੱਤਰ ਹੋਏ ਪ੍ਰਭਾਵਿਤ ਕਿਸਾਨਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਇਨ੍ਹਾਂ ਸਾਰੇ ਡਰੇਨ ਦੇ ਨਾਲ ਨਾਲ ਕੁਝ ਲੋਕਾਂ ਵਲੋਂ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ ਜਿਸ ਕਰਕੇ ਖਲਾਈ ਚੰਗੀ ਤਰ੍ਹਾਂ ਨਹੀ ਹੁੰਦੀ। ਸਾਰੀ ਸਥਿਤੀ ਜਾਨਣ ਤੋਂ ਬਾਅਦ ਔਜਲਾ ਨੇ ਤੁਰੰਤ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਫੋਨ 'ਤੇ ਇਨ੍ਹਾਂ ਡਰੇਨਾਂ ਦੀ ਮਾਲ ਵਿਭਾਗ ਤੋਂ ਨਿਸ਼ਾਨਦੇਹੀ ਕਰਵਾ ਕੇ ਨਾਜਾਇਜ਼ ਕਬਜ਼ਾਧਾਰਕਾਂ ਤੋਂ ਕਬਜ਼ੇ ਛੁਡਵਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਕਬਜ਼ਾ ਨਾ ਛੱਡਣ ਅਤੇ ਡਰੇਨਾਂ ਦੀ ਸਫਾਈ ਦੇ ਕੰਮ ਵਿਚ ਵਿਘਨ ਪਾਉਣ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਡਰੇਨੇਜ ਵਿਭਾਗ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਸਾਰੀਆਂ ਡਰੇਨਾਂ ਦੀ ਤੁਰੰਤ ਖਲਾਈ ਕਰਨ ਲਈ ਕਿਹਾ। ਪੱਤਰਕਾਰਾਂ ਵਲੋਂ ਸਵਾਲ ਪੁੱਛੇ ਜਾਣ ਤੇ ਔਜਲਾ ਨੇ ਕਿਹਾ ਕਿ ਕੇਂਦਰ ਸਰਕਾਰ ਹਮੇਸ਼ਾ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਆਈ ਹੈ ਪਰ ਉਨ੍ਹਾਂ ਨੇ ਕੇਂਦਰ ਸਰਕਾਰ ਪਾਸੋਂ 20 ਹਜ਼ਾਰ ਕਰੋੜ ਰੁਪਏ ਹੜ੍ਹ ਰਾਹਤ ਪੈਕੇਜ ਦੀ ਮੰਗ ਕੀਤੀ। ਉਨ੍ਹਾਂ ਨੇ ਪ੍ਰਭਾਵਿਤ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਉਹ ਹਲਕੇ ਦੇ ਕਿਸਾਨਾਂ ਨਾਲ ਡੱਟ ਕੇ ਖੜੇ ਹਨ ਅਤੇ ਉਨ੍ਹਾਂ ਦੀ ਹਰੇਕ ਸਮੱਸਿਆ ਦਾ ਪ੍ਰਸ਼ਾਸਨ ਪਾਸੋਂ ਹੱਲ ਕਰਵਾਉਣ ਲਈ ਵਚਨਬੱਧ ਹਨ। ਇਸ ਮੌਕੇ ਔਜਲਾ ਦੇ ਨਾਲ ਡਰੇਨੇਜ ਵਿਭਾਗ ਦੇ ਐਸਡੀਓ ਗੁਰਮੀਤ ਸਿੰਘ, ਜੇਈ ਜਗਤਪ੍ਰੀਤ ਸਿੰਘ, ਮਾਲ ਵਿਭਾਗ ਤੋਂ ਜਸਵਿੰਦਰ ਸਿੰਘ ਬੇਦੀ, ਮੇਜਰ ਸਿੰਘ ਭੋਮਾ, ਮਨਬੀਰ ਸਿੰਘ ਮੱਲ੍ਹੀ, ਖੇਤੀਬਾੜੀ ਵਿਭਾਗ ਤੋਂ ਖੇਤੀਬਾੜੀ ਵਿਸਥਾਰ ਅਫਸਰ ਅਮਰਦੀਪ ਸਿੰਘ ਗਿੱਲ ਮਜੀਠਾ, ਜਗਦੀਪ ਸਿੰਘ ਗੋਗਾ, ਕਿਸਾਨ ਆਗੂ ਰਣਬੀਰ ਸਿੰਘ ਮਜੀਠਾ, ਜਸਵਿੰਦਰ ਸਿੰਘ ਮਜੀਠਾ, ਜਤਿੰਦਰ ਸਿੰਘ ਗਿੱਲ ਮਜੀਠਾ, ਕੁਲਵੰਤ ਸਿੰਘ ਗਿੱਲ, ਹਰਵਿੰਦਰ ਸਿੰਘ ਪੱਪੂ ਆਦਿ ਹਾਜ਼ਰ ਸਨ।

## ਪੰਜਾਬ ਸਰਕਾਰ ਵਾਅਦੇ/ਗ੍ਰੰਟੀਆਂ ਪੂਰੀਆਂ ਕਰਕੇ ਹਰ ਵਰਗ ਨੂੰ ਦੇ ਰਹੀ ਹੈ ਵੱਡੀ ਰਾਹਤ: ਈ ਟੀ ਓ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਸ. ਹਰਭਜਨ ਸਿੰਘ ਈਟੀਓ ਕੈਬਿਨਟ ਪੰਜਾਬ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਅਤੇ ਗਰੰਟੀਆਂ ਪੂਰੀਆਂ ਕਰਕੇ ਸੂਬੇ ਦੇ ਹਰ ਵਰਗ ਨੂੰ ਵੱਡੀ ਰਾਹਤ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਲੋਕਾਂ ਦੀਆਂ ਮੁਸ਼ਕਿਲਾਂ/ਸਮੱਸਿਆਵਾਂ ਹੱਲ ਕਰਨਾ ਸਰਕਾਰ ਦਾ ਫਰਜ਼ ਹੈ ਅਤੇ ਅਸੀਂ ਆਪਣੀ ਜਿੰਮੇਵਾਰੀ ਅਤੇ ਫਰਜ਼ ਪੂਰੀ ਇਮਾਨਦਾਰੀ ਨਾਲ ਨਿਭਾ ਰਹੇ ਹਾਂ। ਉਨ੍ਹਾਂ ਹਲਕਾ ਜੰਡਿਆਲਾ ਅਤੇ ਬਲਾਕ ਤਰਸਿੱਕਾ ਦੇ ਪਿੰਡ ਭੱਟੀਕੇ, ਸੈਦਪੁਰ, ਕੋਟ ਹਿਆਤ ਅਤੇ ਸ਼ਹੀਦ ਮਲਕੀਅਤ ਸਿੰਘ ਨਗਰ ਵਿੱਚ ਲੋਕਾਂ ਦੀਆਂ ਮੁਸ਼ਕਿਲਾਂ/ਸਮੱਸਿਆਵਾਂ ਨੂੰ ਨੇੜੇ ਹੋ ਕੇ ਜਾਨਣ ਉਪਰੰਤ ਉਨ੍ਹਾਂ ਦਾ ਮੌਕੇ ਤੇ ਜਾਂ ਸਮਾਂਬੱਧ ਹੱਲ ਕਰਨ ਲਈ ਉਲੀਕੇ ਵਿਸ਼ੇਸ਼ ਪ੍ਰੋਗਰਾਮ ਮੌਕੇ ਤੇ ਕੈਬਿਨਟ ਮੰਤਰੀ ਨੇ ਅਧਿਕਾਰੀਆਂ ਨਾਲ ਲੋਕਾਂ ਨੂੰ ਰਾਹਤ ਦੇਣ ਵਾਲੀਆਂ ਪੰਜਾਬ ਸਰਕਾਰ ਦੀਆਂ ਸਕੀਮਾਂ ਦੀ ਸਮੀਖਿਆ ਵੀ ਕੀਤੀ। ਸ. ਹਰਭਜਨ ਸਿੰਘ ਨੇ ਦੱਸਿਆ ਕਿ ਸਰਕਾਰ ਵਾਅਦੇ ਅਤੇ ਗ੍ਰੰਟੀਆਂ ਪੂਰੀਆਂ ਕਰਕੇ ਜਿੱਥੇ ਹਰ ਵਰਗ ਤੱਕ ਰਾਹਤ ਪਹੁੰਚਾ ਰਹੀ ਹੈ ਉੱਥੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਆਮ ਲੋਕਾਂ ਦੀਆਂ ਦਰਪੇਸ਼ ਮੁਸ਼ਕਿਲਾਂ ਦਾ ਹੱਲ ਕਰਨਾ ਵੀ ਸਾਡੀ ਜਿੰਮੇਵਾਰੀ ਹੈ। ਕੈਬਿਨਟ ਮੰਤਰੀ ਨੇ ਦੱਸਿਆ ਕਿ ਹਲਕੇ ਦੇ ਪਿੰਡਾਂ ਵਿੱਚ ਵਿਕਾਸ ਦੇ ਕੰਮ ਚੱਲ ਰਹੇ ਹਨ। ਭਾਰੀ ਬਰਸਾਤ ਕਾਰਨ ਬਣੇ ਹੜ੍ਹਾਂ ਵਰਗੇ ਹਾਲਾਤ ਨਾਲ ਨਜਿੱਠਣ ਲਈ ਪ੍ਰਸ਼ਾਸ਼ਨ ਅਤੇ ਵੱਖ-ਵੱਖ ਵਿਭਾਗਾਂ ਵੱਲੋਂ ਦਿਨ-ਰਾਤ ਯਤਨ ਕਰਕੇ ਆਮ ਜਨ-ਜੀਵਨ ਨੂੰ ਲੀਹ ਤੇ ਲਿਆਂਦਾ ਜਾ ਰਿਹਾ ਹੈ। ਉਨਾਂ ਨੇ ਦੱਸਿਆ ਕਿ ਸੜਕਾਂ ਦੀ ਮੁਰੰਮਤ, 100 % ਬਿਜਲੀ ਅਤੇ ਪਾਣੀ ਦੀ ਸਪਲਾਈ ਯਕੀਨੀ ਬਣਾਈ ਗਈ ਹੈ। ਇਸ ਤੋਂ ਇਲਾਵਾ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ, ਡੇਂਗਿਗ ਅਤੇ ਦਵਾਈਆਂ ਦਾ ਛਿੜਕਾਅ ਕੀਤਾ ਜਾ ਰਿਹਾ ਹੈ। ਇਸ ਮੌਕੇ ਐਸਡੀਐਮ ਅਲਕਾ ਕਾਲੀਆ, ਚੇਅਰਮੈਨ ਡਾ. ਗੁਰਵਿੰਦਰ ਸਿੰਘ, ਚੇਅਰਮੈਨ ਸ਼ਨਾਖ ਸਿੰਘ, ਸਤਿੰਦਰ ਸਿੰਘ, ਸੁਖਵਿੰਦਰ ਸਿੰਘ, ਅਜੇ ਗਾਂਧੀ, ਮੇਜਰ ਸਿੰਘ ਸੈਦੋਲੇਹਲ, ਹਰਜਿੰਦਰ ਸਿੰਘ 

25-July-PAGE-4.qxd 7/24/2023 10:51 PM Page 1

ਨਵਾਂ ਜ਼ਮਾਨਾ
ਮੰਗਲਵਾਰ, 25 ਜੁਲਾਈ 2023

# ‘ਮੰਦਰਾਂ ਨੂੰ ਬੰਦ ਕਰਨਾ ਹੀ ਬਿਹਤਰ’

*ਦੇਸ਼ ਦੇ ਵੱਖ-ਵੱਖ ਹਿੱਸਿਆਂ ਅੰਦਰ ਲੰਮੇ ਸਮੇਂ ਤੋਂ ਧਾਰਮਿਕ ਤੇ ਸਮਾਜਿਕ ਤਿਉਹਾਰ ਮਨਾਏ ਜਾਣ ਦੀ ਪ੍ਰੰਪਰਾ ਰਹੀ ਹੈ। ਆਮ ਤੌਰ ਉੱਤੇ ਇਨ੍ਹਾਂ ਤਿਉਹਾਰਾਂ ਵਿੱਚ ਹਰ ਫਿਰਕੇ ਦੇ ਲੋਕ ਸ਼ਾਮਲ ਹੋ ਕੇ ਆਪਣੀ ਭਾਈਚਾਰਕ ਏਕਤਾ ਨੂੰ ਮਜ਼ਬੂਤ ਕਰਦੇ ਰਹੇ ਹਨ। ਭਾਈਚਾਰਕ ਏਕਤਾ ਦੀਆਂ ਦੁਸ਼ਮਣ ਤਾਕਤਾਂ ਨੂੰ ਇਹ ਤਿਉਹਾਰ ਹਮੇਸ਼ਾ ਚੁੱਭਦੇ ਰਹੇ ਹਨ। ਇਨ੍ਹਾਂ ਤਾਕਤਾਂ ਦੀ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਪ੍ਰੇਮ ਦੇ ਪ੍ਰਤੀਕ ਇਨ੍ਹਾਂ ਮੇਲਿਆਂ-ਤਿਉਹਾਰਾਂ ਨੂੰ ਨਫ਼ਰਤ ਦੇ ਯੁੱਧ ਵਿੱਚ ਤਬਦੀਲ ਕਰ ਦਿੱਤਾ ਜਾਵੇ।*

*ਕੇਂਦਰ ਵਿੱਚ ਫਿਰਕੂ ਵਿਚਾਰਧਾਰਾ ਵਾਲੀ ਭਾਜਪਾ ਸਰਕਾਰ ਦੇ ਆਉਣ ਉੱਤੇ ਇਹੋ ਤਿਉਹਾਰ ਹੁਣ ਨਫ਼ਰਤ ਫੈਲਾਉਣ ਦਾ ਜ਼ਰੀਆ ਬਣ ਗਏ ਹਨ। ਨਫ਼ਰਤੀ ਵਿਚਾਰਧਾਰਾ ਦੇ ਡੰਗੇ ਬਜਰੰਗੀਆਂ ਨੇ ਆਸਥਾ ਦੇ ਮੰਦਰਾਂ ਨੂੰ ਭੀੜਤੰਤਰ ਦੇ ਬੰਕਰਾਂ ਵਿੱਚ ਤਬਦੀਲ ਕਰ ਦਿੱਤਾ ਹੈ। ਇਸ ਹਾਲਤ ਬਾਰੇ ਬੀਤੇ ਸ਼ੁੱਕਰਵਾਰ ਮਦਰਾਸ ਹਾਈ ਕੋਰਟ ਨੇ ਤਲਖ ਟਿੱਪਣੀਆਂ ਕੀਤੀਆਂ ਹਨ। ਅਦਾਲਤ ਨੇ ਕਿਹਾ ਕਿ ਮੰਦਰਾਂ ਵਿੱਚ ਹੁੰਦੇ ਤਿਉਹਾਰ ਹੁਣ ਭਗਤੀ ਦੀ ਥਾਂ ਤਾਕਤ ਦੇ ਦਿਖਾਵੇ ਦਾ ਪਲੇਫਾਰਮ ਬਣ ਗਏ ਹਨ। ਮੰਦਰਾਂ ਦਾ ਉਦੇਸ਼ ਭਗਤਾਂ ਨੂੰ ਸ਼ਾਂਤੀ ਤੇ ਖੁਸ਼ੀ ਲਈ ਪੂਜਾ ਕਰਨ ਵਾਸਤੇ ਪ੍ਰੇਰਤ ਕਰਨਾ ਹੁੰਦਾ ਹੈ, ਪ੍ਰੰਤੂ ਬਦਕਿਸਮਤੀ ਨਾਲ ਇਸ ਵੇਲੇ ਮੰਦਰ ਤੇ ਤਿਉਹਾਰ ਹਿੰਸਾ ਨੂੰ ਉਤਸ਼ਾਹਤ ਕਰਨ ਦਾ ਜ਼ਰੀਆ ਹਨ। ਇਸ ਸਮੇਂ ਮੰਦਰ ਉਤਸਵ ਇਹ ਦਿਖਾਉਣ ਦਾ ਕੇਂਦਰ ਬਣਦੇ ਜਾ ਰਹੇ ਹਨ ਕਿ ਉਸ ਇਲਾਕੇ ਵਿੱਚ ਕਿਹੜਾ ਸਮੂਹ ਤਾਕਤਵਰ ਹੈ। ਇਨ੍ਹਾਂ ਤਿਉਹਾਰਾਂ ਨੂੰ ਆਯੋਜਿਤ ਕਰਨ ਪਿੱਛੇ ਕੋਈ ਭਗਤੀ ਨਹੀਂ ਹੁੰਦੀ, ਬਲਕਿ ਇਹ ਇੱਕ-ਦੂਜੇ ਸਮੂਹ ਦਾ ਸ਼ਕਤੀ ਪ੍ਰਦਰਸ਼ਨ ਬਣ ਗਏ ਹਨ।*

*ਜਸਟਿਸ ਆਨੰਦ ਨੇ ਇਹ ਵੀ ਕਿਹਾ ਕਿ ਇਹ ਤਿਉਹਾਰ ਹਿੰਸਾ ਨੂੰ ਭੜਕਾਉਂਦੇ ਹਨ ਤੇ ਵੱਖ-ਵੱਖ ਸਮੂਹ ਇੱਕ-ਦੂਜੇ ਨਾਲ ਲੜਦੇ ਹਨ। ਉਨ੍ਹਾ ਕਿਹਾ ਕਿ ਹਿੰਸਕ ਘਟਨਾਵਾਂ ਨੂੰ ਰੋਕਣ ਲਈ ਇਨ੍ਹਾਂ ਮੰਦਰਾਂ ਨੂੰ ਬੰਦ ਕਰ ਦੇਣਾ ਹੀ ਬਿਹਤਰ ਹੋਵੇਗਾ। ਉਨ੍ਹਾ ਕਿਹਾ ਕਿ ਜਿੰਨਾ ਚਿਰ ਵਿਅਕਤੀ ਆਪਣਾ ਹੰਕਾਰ ਛੱਡ ਕੇ ਅਸ਼ੀਰਵਾਦ ਲੈਣ ਲਈ ਮੰਦਰ ਨਹੀਂ ਜਾਂਦਾ, ਉਦੋਂ ਤੱਕ ਮੰਦਰ ਬਣਾਉਣ ਦਾ ਉਦੇਸ਼ ਵਿਅਰਥ ਹੈ।*

*ਅਦਾਲਤ ਇੱਕ ਰਿੱਟ ਦੀ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਇੱਕ ਭਗਤ ਨੇ ਮੰਦਰ ਵਿੱਚ 23 ਜੁਲਾਈ ਤੋਂ 1 ਅਗਸਤ ਤੱਕ ਹੋਣ ਵਾਲੇ ਤਿਉਹਾਰ ਲਈ ਪੁਲਸ ਸੁਰੱਖਿਆ ਦੀ ਮੰਗ ਕੀਤੀ ਸੀ। ਦੂਜੇ ਪਾਸੇ ਰਾਜ ਸਰਕਾਰ ਨੇ ਕਿਹਾ ਸੀ ਕਿ ਤਿਉਹਾਰ ਮਨਾਉਣ ਲਈ ਦੋ ਧੜਿਆਂ ਵਿਚਾਲੇ ਵਿਵਾਦ ਚੱਲ ਰਿਹਾ ਹੈ। ਤਹਿਸੀਲਦਾਰ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਦੋਵਾਂ ਧਿਰਾਂ ਵਿੱਚ ਸਮਝੌਤਾ ਨਹੀਂ ਹੋ ਸਕਿਆ। ਇਸ ਲਈ ਫ਼ੈਸਲਾ ਕੀਤਾ ਗਿਆ ਹੈ ਕਿ ਤਿਉਹਾਰ ਮਨਾਉਣ ਦੀ ਇਜਾਜ਼ਤ ਨਾ ਦਿੱਤੀ ਜਾਵੇ।*

*ਅਦਾਲਤ ਨੇ ਕਿਹਾ ਕਿ ਪੁਲਸ ਤੇ ਤਹਿਸੀਲਦਾਰ ਨੇ ਆਪਣੀਆਂ ਹੋਰ ਜ਼ਿੰਮੇਵਾਰੀਆਂ ਵੀ ਨਿਭਾਉਣੀਆਂ ਹੁੰਦੀਆਂ ਹਨ, ਪ੍ਰੰਤੂ ਮੰਦਰਾਂ ਵਿੱਚ ਧੜਿਆਂ ਦੇ ਝਗੜੇ ਨਿਬੇੜਣ ਵਿੱਚ ਹੀ ਉਨ੍ਹਾਂ ਦਾ ਸਮਾਂ ਤੇ ਊਰਜਾ ਬਰਬਾਦ ਹੋ ਜਾਂਦੀ ਹੈ। ਇਨ੍ਹਾਂ ਧੜਿਆਂ-ਸਮੂਹਾਂ ਵਿੱਚ ਭਗਵਾਨ ਪ੍ਰਤੀ ਕੋਈ ਆਸਥਾ ਨਹੀਂ ਹੁੰਦੀ, ਸਗੋਂ ਉਹ ਆਪਣੀ ਤਾਕਤ ਵਿਖਾਉਣ ਵਿੱਚ ਵੱਧ ਰੁਚੀ ਰੱਖਦੇ ਹਨ। ਅਦਾਲਤ ਨੇ ਕਿਹਾ ਕਿ ਦੋਵੇਂ ਧਿਰਾਂ ਆਪਣੇ ਹੰਕਾਰ ਨੂੰ ਪਾਸੇ ਰੱਖ ਕੇ ਤਿਉਹਾਰ ਮਨਾਉਣ ਲਈ ਅਜ਼ਾਦ ਹਨ, ਅਗਰ ਅਮਨ ਵਿਵਸਥਾ ਦੀ ਸਮੱਸਿਆ ਆਵੇ ਤਾਂ ਪੁਲਸ ਨੂੰ ਲੋੜੀਂਦੀ ਕਾਰਵਾਈ ਦਾ ਆਦੇਸ਼ ਦਿੱਤਾ ਜਾਂਦਾ ਹੈ। ਇਸ ਦੇ ਨਾਲ ਹੀ ਅਦਾਲਤ ਨੇ ਭਗਤ ਵੱਲੋਂ ਦਾਇਰ ਰਿੱਟ ਖਾਰਜ ਕਰ ਦਿੱਤੀ।*

# ਮਨੀਪੁਰ ਦੀਆਂ ਘਟਨਾਵਾਂ ਦੇਸ਼ ਅੰਦਰ ਤਾਨਾਸ਼ਾਹੀ ਰਾਜ ਦਾ ਅਕਸ



ਪਵਨ ਕੁਮਾਰ ਕੌਸ਼ਲ

ਸਰਮਾਏਦਾਰੀ ਪ੍ਰਬੰਧ ਅਧੀਨ ਦੇਸ਼ ਅੰਦਰ ਫਿਰਕੂ, ਜਾਤਪਾਤ ਅਧਾਰਤ, ਨਸਲੀ ਅਤੇ ਖੇਤਰੀ ਦੰਗੇ ਮੁਗਲ ਰਾਜ ਅਤੇ ਅੰਗਰੇਜ਼ੀ ਸ਼ਾਸਨ ਕਾਲ ਸਮੇਂ ਤੋਂ ਹੁੰਦੇ ਆਏ ਹਨ। ਮੁਗਲਾਂ ਅਤੇ ਅੰਗਰੇਜ਼ਾਂ ਨੇ ਲੰਮੇ ਸਮੇਂ ਤੱਕ ਭਾਰਤ ਉਪਰ ਰਾਜ ਕਰਨ ਨੂੰ ਮੁੱਖ ਰੱਖ ਕੇ ਇਹ ਦੰਗੇ ਕਰਵਾਏ ਜਾਂਦੇ ਸਨ। ਮੁਗਲ ਅਤੇ ਅੰਗਰੇਜ਼ ਵਿਦੇਸ਼ੀ ਸਨ, ਪ੍ਰੰਤੂ ਹੁਣ ਤਾਂ ਰਾਜ ਕਰਨ ਵਾਲੇ ਅਜ਼ਾਦ ਭਾਰਤ ਦੇ ਆਪਣੇ ਹਨ, ਤਾਂ ਹੁਣ ਇਹ ਦੰਗੇ ਕਿਉਂ ਹੋ ਰਹੇ ਹਨ ?

ਇਹ ਸਿਲਸਲਾ ਲਗਾਤਾਰ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਹੈ। ਕਦੀ ਗਊ ਮਾਤਾ ਦੇ ਨਾਂਅ 'ਤੇ, ਕਦੀ ਮਸਜਿਦਾਂ ਦੇ ਨਾਂਅ 'ਤੇ ਹਜ਼ੂਮੀ ਹਿੰਸਾ ਦੇ ਰੂਪ ਵਿੱਚ, ਕਦੀ ਮੁਸਲਮਾਨਾਂ ਤੇ ਈਸਾਈਆਂ ਦੇ ਨਾਂਅ 'ਤੇ ਫਿਰਕੂ ਦੰਗੇ ਹੋ ਰਹੇ ਹਨ। ਦੇਸ਼ ਦੀਆਂ ਸਾਰੀਆਂ ਮੁਸੀਬਤਾਂ ਦੀ ਜੜ੍ਹ ਮੁਸਲਮਾਨਾਂ ਨੂੰ ਦੱਸ ਕੇ ਫਿਰਕੂ ਦੰਗਿਆਂ ਨੂੰ ਸ਼ਹਿ ਦਿੱਤੀ ਜਾ ਰਹੀ ਹੈ।

ਸੂਬਿਆਂ ਅੰਦਰ ਵੱਖ-ਵੱਖ ਭਾਈਚਾਰਿਆਂ ਵਿਚਕਾਰ ਨਫਰਤ ਫੈਲਾਈ ਜਾ ਰਹੀ ਹੈ। ਮਿਜ਼ੋਰਮ, ਨਾਗਾਲੈਂਡ, ਅਸਾਮ, ਮਨੀਪੁਰ ਆਦਿ ਸੂਬਿਆਂ ਅੰਦਰ ਅਸ਼ਾਂਤੀ ਫੈਲਾਈ ਜਾ ਰਹੀ ਹੈ। ਹੁਣ ਮਨੀਪੁਰ ਅੰਦਰ ਇਨ੍ਹਾਂ ਫੁੱਟਪਾਊ ਤੇ ਫਿਰਕਾਪ੍ਰਸਤਾਂ ਅਤੇ ਨਸਲਵਾਦੀਆਂ ਵੱਲੋਂ ਇਹ ਖੇਡ ਖੇਡੀ ਜਾ ਰਹੀ ਹੈ।

ਰਾਜਾਂ ਦੇ ਆਪਣੇ ਖੇਤਰ 'ਚ ਆਉਂਦੇ ਅਧਿਕਾਰਾਂ ਨੂੰ ਕੇਂਦਰ ਵੱਲੋਂ ਆਪਣੇ ਅਧੀਨ ਕਰ ਲੈਣਾ, ਭਾਵ ਰਾਜਾਂ ਦੇ ਇੱਕ ਸੰਘੀ ਢਾਂਚੇ ਅਧੀਨ ਰਾਜਾਂ ਦੇ ਵਿਕਾਸ ਲਈ ਕਈ ਖੇਤਰਾਂ ਵਿੱਚ ਖੁਦਮੁਖਤਿਆਰੀ ਦੇ ਅਧਿਕਾਰ ਹੁੰਦੇ ਹਨ, ਜਿਨ੍ਹਾਂ ਨੂੰ ਹੁਣ ਕੇਂਦਰ ਸਰਕਾਰ ਇੱਕ-ਇੱਕ ਕਰਕੇ ਉਨ੍ਹਾਂ ਦਾ ਕੇਂਦਰੀਕਰਨ ਕਰ ਰਹੀ ਹੈ। ਸੂਬਿਆਂ ਤੋਂ ਅਧਿਕਾਰ ਖੋਹ ਕੇ ਇਨ੍ਹਾਂ ਦਾ ਕੇਂਦਰੀਕਰਨ ਕਰਨਾ ਰਾਜ ਨੂੰ ਤਾਨਾਸ਼ਾਹੀ ਵੱਲ ਲੈ ਜਾਂਦਾ ਹੈ।

ਇੱਕ ਸੰਘੀ (ਫੈਡਰਲ) ਸਰਕਾਰ, ਜਿਸ ਨੂੰ ਇੱਕ ਸੰਘ ਵਜੋਂ ਵੀ ਜਾਣਿਆ ਜਾਂਦਾ ਹੈ, ਇੱਕ ਅਜਿਹੀ ਪ੍ਰਣਾਲੀ ਹੈ, ਜਿਸ ਵਿੱਚ ਸ਼ਕਤੀ ਨੂੰ ਇੱਕ ਵੱਡੀ ਸੰਸਥਾ ਅਰਥਾਤ ਕੇਂਦਰ ਸਰਕਾਰ ਅਤੇ ਸਥਾਨਕ ਸਰਕਾਰ ਵਿਚਕਾਰ ਵੰਡਿਆ ਜਾਂਦਾ ਹੈ। ਵਿਸ਼ਵ ਪੱਧਰ 'ਤੇ ਸਾਰੇ ਵਿਸ਼ਵ ਅੰਦਰ ਏਕਾਅਧਿਕਾਰਵਾਦੀ ਸਰਕਾਰਾਂ ਸਥਾਪਤ ਕਰਨ ਲਈ "ਨਿਊ ਵਰਲਡ ਆਰਡਰ' (ਨਵੀਂ ਵਿਸ਼ਵ ਵਿਵਸਥਾ) ਦੇ ਨਾਂਅ ਹੇਠ ਵਿਸ਼ਵ ਦੇ ਅੱਤ ਧਨੀ ਕੁਲੀਨ ਵਰਗ ਦੀ ਸੰਸਥਾ 'ਵਿਸ਼ਵ ਆਰਥਿਕ ਮੰਚ' ( ਵਰਲਡ ਇਕਨੋਮਿਕ ਮੰਚ) ਪਹਿਲੋਂ ਹੀ ਇਸ ਪਾਸੇ ਵੱਲ ਕੰਮ ਕਰ ਰਹੀ ਹੈ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਉਸੇ ਨੀਤੀ ਨੂੰ ਲਾਗੂ ਕਰ ਰਹੇ ਹਨ।

ਮਨੀਪੁਰ 'ਚ ਤਣਾਅ ਉਦੋਂ ਵਧ ਗਿਆ, ਜਦੋਂ ਕੁੱਕੀ ਭਾਈਚਾਰੇ ਨੇ ਅਧਿਕਾਰਤ ਕਬੀਲੇ ਦਾ ਦਰਜਾ ਦਿੱਤੇ ਜਾਣ ਦੀਆਂ ਮੈਤੇਈ ਭਾਈਚਾਰੇ ਦੀਆਂ ਮੰਗਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ, ਜਿਸ ਬਾਰੇ ਕੁੱਕੀ ਨੇ ਦਲੀਲ ਦਿੱਤੀ ਕਿ ਸਰਕਾਰ ਅਤੇ ਸਮਾਜ 'ਤੇ ਉਨ੍ਹਾਂ ਦਾ ਪਹਿਲਾਂ ਨਾਲੋਂ ਪ੍ਰਭਾਵ ਹੋਰ ਮਜ਼ਬੂਤ ਹੋਵੇਗਾ, ਜਿਸ ਨਾਲ ਉਨ੍ਹਾਂ ਨੂੰ ਜ਼ਮੀਨ ਖਰੀਦਣ ਜਾਂ ਮੁੱਖ ਤੌਰ 'ਤੇ ਕੁੱਕੀ ਖੇਤਰਾਂ ਵਿੱਚ ਵਸਣ ਦੀ ਇਜਾਜ਼ਤ ਮਿਲੇਗੀ।

ਮੈਤੇਈ, ਕੁੱਕੀ ਅਤੇ ਨਾਗਾ ਭਾਈਚਾਰੇ ਦਹਾਕਿਆਂ ਤੋਂ ਵਿਵਾਦਗ੍ਰਸਤ ਘਰੇਲੂ ਮੰਗਾਂ ਅਤੇ ਧਾਰਮਿਕ ਮਤਭੇਦਾਂ ਨੂੰ ਲੈ ਕੇ ਇੱਕ-ਦੂਜੇ ਨਾਲ ਲੜਦੇ ਰਹੇ ਹਨ ਅਤੇ ਸਾਰੀਆਂ ਧਿਰਾਂ ਦੀਆਂ ਭਾਰਤ ਦੇ ਸੁਰੱਖਿਆ ਬਲਾਂ ਨਾਲ ਝੜਪਾਂ ਹੋਈਆਂ ਹਨ। ਨਵੀਨਤਮ ਭੜਕਣ ਹਾਲਾਂਕਿ ਲੱਗਭੱਗ ਪੂਰੀ ਤਰ੍ਹਾਂ ਮੈਤੇਈ ਅਤੇ ਕੁੱਕੀ ਦੇ ਵਿਚਕਾਰ ਹੈ। 'ਦ ਫਰੰਟੀਅਰ ਮਨੀਪੁਰ' ਦੇ ਸੰਪਾਦਕ ਧੀਰੇਨ ਏ ਸਦੋਕਪਮ ਕਹਿੰਦੇ ਹਨ, 'ਇਸ ਵਾਰ ਟਕਰਾਅ ਦੀ ਜੜ੍ਹ ਨਸਲੀ ਹੈ, ਧਰਮ ਵਿੱਚ ਨਹੀਂ।'

ਮੌਜੂਦਾ ਹਿੰਸਕ ਸਥਿਤੀ ਪਿਛਲੇ ਮਹੀਨੇ ਮਈ 2023 ਤੋਂ ਹੀ ਪੈਦਾ ਹੋਈ ਹੈ। 4 ਮਈ ਨੂੰ ਕੋਈ ਇੱਕ ਹਜ਼ਾਰ ਦੇ ਕਰੀਬ ਕੁੱਕੀ ਭਾਈਚਾਰੇ ਵੱਲੋਂ ਹਥਿਆਰਾਂ ਸਮੇਤ ਜਿਨ੍ਹਾਂ ਵਿੱਚ ਏ ਕੇ ਰਫਲਾਂ ਵੀ ਦੱਸੀਆਂ ਗਈਆਂ ਹਨ, ਅਖਬਾਰਾਂ ਦੀਆਂ ਖ਼ਬਰਾਂ ਮੁਤਾਬਕ ਮੁਜ਼ਾਹਰਾਕਾਰੀਆਂ ਨੇ ਔਰਤਾਂ ਦੀ ਇੱਜ਼ਤ ਨੂੰ ਹੱਥ ਪਾਇਆ, ਘਰ-ਬਾਰ ਲੁੱਟੇ ਅਤੇ ਭੰਨਤੋੜ ਵੀ ਕੀਤੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਹਫ਼ਤੇ ਹੋਏ ਹਮਲੇ ਦੀ ਵੀਡੀਓ ਸਾਹਮਣੇ ਆਉਣ ਤੱਕ ਮਨੀਪੁਰ ਵਿੱਚ ਹੋ ਰਹੀ ਹਿੰਸਾ 'ਤੇ ਲੰਬੇ ਸਮੇਂ ਤੱਕ ਚੁੱਪ ਰਹੇ ਸਨ। ਉਨ੍ਹਾ ਕਿਹਾ ਕਿ ਇਸ ਘਟਨਾ ਨੇ 'ਭਾਰਤ ਨੂੰ ਸ਼ਰਮਸਾਰ ਕੀਤਾ ਹੈ' ਅਤੇ ਇਹ ਕਿ 'ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ... ਮਨੀਪੁਰ ਦੀਆਂ ਧੀਆਂ ਨਾਲ ਜੋ ਹੋਇਆ, ਉਸ ਨੂੰ ਕਦੇ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ'। ਇਸ ਤੋਂ ਇਹ ਜ਼ਾਹਰ ਹੁੰਦਾ ਕਿ ਇਸ ਘਟਨਾਕ੍ਰਮ ਦਾ ਭਾਜਪਾ ਨੂੰ ਅਗਾਊਂ ਪਤਾ ਸੀ।

ਨਸਲੀ ਹਿੰਸਾ ਨੇ ਛੋਟੇ ਜਿਹੇ ਭਾਰਤੀ ਰਾਜ ਮਨੀਪੁਰ ਨੂੰ ਦੋ ਸਭ ਤੋਂ ਵੱਡੇ ਸਮੂਹਾਂ, ਬਹੁਗਿਣਤੀ ਮੈਤੇਈ ਅਤੇ ਘੱਟ ਗਿਣਤੀ ਕੁੱਕੀ, ਜ਼ਮੀਨ ਅਤੇ ਪ੍ਰਭਾਵ ਨੂੰ ਲੈ ਕੇ ਲੜਾਈ ਦੇ ਰੂਪ ਵਿੱਚ ਗ੍ਰਹਿ ਯੁੱਧ ਦੀ ਸਥਿਤੀ ਵਿੱਚ ਡੁਬੋ ਦਿੱਤਾ ਹੈ। ਮਈ ਵਿੱਚ ਇੱਕ ਹਮਲੇ ਦੇ ਇਸ ਹਫ਼ਤੇ ਹੈਰਾਨ ਕਰਨ ਵਾਲੀ ਵੀਡੀਓ ਸਾਹਮਣੇ ਆਈ ਸੀ, ਜਦੋਂ ਖੇਤਰ ਵਿੱਚ ਔਰਤਾਂ ਵਿਰੁੱਧ ਦਹਿਸ਼ਤ ਦੀ ਤਾਜ਼ਾ ਵਰਤੋਂ ਵਿੱਚ ਉਨ੍ਹਾਂ ਦੇ ਪਿੰਡ ਨੂੰ ਉਜਾੜਨ ਤੋਂ ਥੋੜ੍ਹੀ ਦੇਰ ਬਾਅਦ ਦੋ ਕੁੱਕੀ ਔਰਤਾਂ ਨੂੰ ਮੈਤੇਈ ਮਰਦਾਂ ਦੁਆਰਾ ਨਗਨ ਰੂਪ ਵਿੱਚ ਪਰੇਡ ਕੀਤੀ ਗਈ ਸੀ।

ਅਖਬਾਰੀ ਖਬਰਾਂ ਮੁਤਾਬਕ ਮਈ 'ਚ ਸ਼ੁਰੂ ਹੋਈ ਹਿੰਸਾ 'ਚ ਘੱਟੋ-ਘੱਟ 130 ਲੋਕ ਮਾਰੇ ਗਏ ਹਨ ਅਤੇ 400 ਜ਼ਖਮੀ ਹੋਏ ਹਨ। 60,000 ਤੋਂ ਵੱਧ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਕੀਤਾ ਗਿਆ ਹੈ, ਕਿਉਂਕਿ ਫੌਜ, ਅਰਧ ਸੈਨਿਕ ਬਲ ਅਤੇ ਪੁਲਸ ਹਿੰਸਾ ਨੂੰ ਰੋਕਣ ਤੋਂ ਅਸਮਰੱਥ ਜਾਪਦੀ ਹੈ। ਪੁਲਸ ਦੇ ਹਥਿਆਰ ਲੁੱਟੇ ਗਏ ਹਨ, ਸੈਂਕੜੇ ਚਰਚ ਅਤੇ ਦਰਜਨ ਤੋਂ ਵੱਧ ਮੰਦਰਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ ਅਤੇ ਪਿੰਡ ਤਬਾਹ ਹੋ ਗਏ ਹਨ।

ਮਿਆਂਮਾਰ ਤੋਂ ਗੈਰ-ਕਾਨੂੰਨੀ ਪਰਵਾਸ ਨੇ ਤਣਾਅ ਹੋਰ ਵਧਾ ਦਿੱਤਾ ਹੈ। ਵਧਦੀ ਆਬਾਦੀ ਤੋਂ ਜ਼ਮੀਨ ਦੀ ਵਰਤੋਂ 'ਤੇ ਦਬਾਅ ਹੈ ਅਤੇ ਬੇਰੁਜ਼ਗਾਰੀ ਨੇ ਨੌਜਵਾਨਾਂ ਨੂੰ ਵੱਖ-ਵੱਖ ਮਲੀਸ਼ੀਆ ਵੱਲ ਧੱਕ ਦਿੱਤਾ ਹੈ।

ਮੈਤੇਈ ਦੀਆਂ ਜੜ੍ਹਾਂ ਮਨੀਪੁਰ, ਮਿਆਂਮਾਰ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਹਨ। ਉਹ ਬਹੁਗਿਣਤੀ ਹਿੰਦੂ ਹਨ, ਹਾਲਾਂਕਿ ਕੁਝ ਸਨਮਾਹੀ ਧਰਮ ਦਾ ਪਾਲਣ ਕਰਦੇ ਹਨ। ਕੁੱਕੀ ਜ਼ਿਆਦਾਤਰ ਈਸਾਈ ਭਾਰਤ ਦੇ ਉੱਤਰ-ਪੂਰਬ ਵਿੱਚ ਫੈਲੇ ਹੋਏ ਹਨ ਅਤੇ ਮਨੀਪੁਰ ਦੇ ਬਹੁਤ ਸਾਰੇ ਲੋਕ ਆਪਣੀਆਂ ਜੜ੍ਹਾਂ ਮਿਆਂਮਾਰ ਵਿੱਚ ਵੀ ਲੱਭ ਸਕਦੇ ਹਨ।

ਮੈਤੇਈ ਜ਼ਿਆਦਾਤਰ ਇੰਫਾਲ ਘਾਟੀ ਵਿੱਚ ਰਹਿੰਦੇ ਹਨ, ਜਦੋਂ ਕਿ ਕੁੱਕੀ ਆਲੇ-ਦੁਆਲੇ ਦੀਆਂ ਪਹਾੜੀਆਂ ਅਤੇ ਉਸ ਤੋਂ ਬਾਹਰ ਰਹਿੰਦੇ ਹਨ। ਘਾਤਕ ਹਿੰਸਾ ਨੇ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਮਿਆਂਮਾਰ ਦੀ ਸਰਹੱਦ ਨਾਲ ਲੱਗਦੇ ਇੱਕ ਸੁੰਦਰ ਭਾਰਤੀ ਰਾਜ ਮਨੀਪੁਰ ਨੂੰ ਗੜਬੜ ਵਿੱਚ ਸੁੱਟ ਦਿੱਤਾ ਹੈ। ਮੈਤੇਈ ਅਤੇ ਕੁੱਕੀ ਭਾਈਚਾਰਿਆਂ ਵਿਚਕਾਰ ਝੜਪਾਂ ਦੇ ਨਤੀਜੇ ਵਜੋਂ ਉਨ੍ਹਾਂ ਦਾ ਪੂਰੀ ਤਰ੍ਹਾਂ ਵੱਖਰਾ ਹੋ ਗਿਆ ਹੈ।

ਮਨੀਪੁਰ ਹਿੰਸਾ ਦਾ ਮੁੱਖ ਕਾਰਨ ਕੁੱਕੀਆਂ ਨੂੰ ਨਿਸ਼ਾਨਾ ਬਣਾਉਣਾ ਹੈ। ਸਰਕਾਰ ਵੱਲੋਂ ਕੁੱਕੀ ਦੀਆਂ ਸ਼ਿਕਾਇਤਾਂ ਨੂੰ ਲਗਾਤਾਰ ਖਾਰਜ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਬਾਹਰੀ ਵਜੋਂ ਲੇਬਲ ਕਰਨ ਦੇ ਲੰਬੇ ਸਮੇਂ ਤੋਂ ਕੀਤੇ ਜਾ ਰਹੇ ਯਤਨਾਂ ਨੇ ਸੰਕਟ ਪੈਦਾ ਕਰ ਦਿੱਤਾ ਹੈ। ਉੱਤਰ-ਪੂਰਬੀ ਭਾਰਤ ਦੇ ਸਰਹੱਦੀ ਵਿਵਾਦਾਂ ਵਿੱਚ ਮੁੱਖ ਤੌਰ 'ਤੇ ਅਸਾਮ-ਮਿਜ਼ੋਰਮ, ਅਸਮ-ਅਰੁਣਾਚਲ ਪ੍ਰਦੇਸ਼, ਅਸਮ-ਨਾਗਾਲੈਂਡ ਅਤੇ ਅਸਾਮ-ਮੇਘਾਲਿਆ ਵਿਚਕਾਰ ਅੰਤਰ-ਰਾਜੀ ਸੰਘਰਸ਼ ਸ਼ਾਮਲ ਹਨ। ਇਸ ਦਾ ਹੱਲ ਅਸਾਮ ਵਿੱਚ ਨਸਲੀ ਟਕਰਾਅ ਪਿੱਛੇ ਬੇਰੋਕ ਇਮੀਗ੍ਰੇਸ਼ਨ, ਨਸਲੀ ਅਤੇ ਸੱਭਿਆਚਾਰ ਦਾ ਸਿਆਸੀਕਰਨ, ਪਛਾਣ ਦੀ ਰਾਜਨੀਤੀ ਦੇ ਨਾਲ-ਨਾਲ ਨਸਲੀ ਦ੍ਰਿੜ੍ਹਤਾ ਵੀ ਮੁੱਖ ਕਾਰਨ ਬਣੇ ਹੋਏ ਹਨ। ਭਾਰਤੀ ਸਿਵਲ ਸੁਸਾਇਟੀ ਸਮੂਹਾਂ ਨੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ 'ਤੇ ਸੰਕਟ ਦੇ ਦੁਰਪ੍ਰਬੰਧ ਲਈ ਦੋਸ਼ ਲਗਾਇਆ ਹੈ।

ਸਮੂਹਾਂ ਦੁਆਰਾ ਜਾਰੀ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ, 'ਭਾਜਪਾ ਦੁਆਰਾ ਖੇਡੀ ਗਈ ਵੰਡਵਾਦੀ ਰਾਜਨੀਤੀ ਕਾਰਨ ਅੱਜ ਮਨੀਪੁਰ ਬਹੁਤ ਵੱਡੇ ਹਿੱਸੇ ਵਿੱਚ ਸੜ ਰਿਹਾ ਹੈ। ਉਨ੍ਹਾਂ 'ਤੇ ਇਸ ਚੱਲ ਰਹੇ ਘਰੇਲੂ ਯੁੱਧ ਨੂੰ ਰੋਕਣ ਦੀ ਜ਼ਿੰਮੇਵਾਰੀ ਹੈ, ਇਸ ਤੋਂ ਪਹਿਲਾਂ ਕਿ ਹੋਰ ਜਾਨਾਂ ਚਲੀਆਂ ਜਾਣ।' ਸਪੱਸ਼ਟ ਤੌਰ 'ਤੇ ਭਾਜਪਾ ਦੀ ਭੂਮਿਕਾ ਰਾਜ ਵਿੱਚ ਆਪਣੇ ਪੈਰ ਜਮਾਉਣ ਲਈ ਤਾਕਤ ਅਤੇ ਜਬਰ ਦੀ ਵਰਤੋਂ ਕਰਨ ਵਿੱਚ ਹੈ। ਦੋਵਾਂ ਭਾਈਚਾਰਿਆਂ ਲਈ ਸਹਿਯੋਗੀ ਹੋਣ ਦਾ ਦਿਖਾਵਾ ਕਰਨਾ ਉਨ੍ਹਾਂ ਵਿਚਕਾਰ ਇਤਿਹਾਸਕ ਤਣਾਅ ਦੀ

25-JULY-PAGE-5.qxd 7/24/2023 9:17 PM Page 1



# ਮੋਟਰਸਾਈਕਲ ਰੇਹੜੀ ਮਜ਼ਦੂਰਾਂ ਵੱਲੋਂ ਰੁਜ਼ਗਾਰ ਬਚਾਓ ਧਰਨਾ

## ਮਾਰਚ ਕਰਕੇ ਵਿੱਤ ਮੰਤਰੀ ਚੀਮਾ ਦੇ ਦਫਤਰ ਮੰਗ ਪੱਤਰ ਦਿੱਤਾ

**ਦਿੜ੍ਹਬਾ ਮੰਡੀ (ਜਸਵੀਰ ਲਾਡੀ)**-ਮਜ਼ਦੂਰ ਮੁਕਤੀ ਮੋਰਚਾ ਪੰਜਾਬ ਤੇ ਡਾਕਟਰ ਅੰਬੇਦਕਰ ਰੇਹੜੀ ਮਜ਼ਦੂਰ ਯੂਨੀਅਨ ਵੱਲੋਂ ਹਾਈ ਕੋਰਟ ਦੇ ਨਾਂਅ ਹੇਠ ਮਾਨ ਸਰਕਾਰ ਵੱਲੋਂ ਪੰਜਾਬ ਅੰਦਰ 8 ਅਗਸਤ ਤੱਕ ਮੋਟਰਸਾਈਕਲ ਰੇਹੜੀਆਂ ਬੰਦ ਦੇ ਹੁਕਮਾਂ ਖਿਲਾਫ ਵੱਖ ਵੱਖ ਜ਼ਿਲ੍ਹਿਆਂ ਵਿੱਚੋਂ ਦਾਣਾ ਮੰਡੀ ਵਿਖੇ ਹਜ਼ਾਰਾਂ ਦੀ ਗਿਣਤੀ ਪਹੁੰਚੇ ਮੋਟਰਸਾਈਕਲ ਰੇਹੜੀ ਮਜ਼ਦੂਰਾਂ ਨੇ ਰੁਜ਼ਗਾਰ ਬਚਾਓ ਧਰਨਾ ਦਿੱਤਾ ਅਤੇ ਮਾਰਚ ਕਰਕੇ ਵਿੱਤ ਮੰਤਰੀ ਚੀਮਾ ਦੇ ਦਫਤਰ ਆ ਕੇ ਮੰਗ ਪੱਤਰ ਦਿੱਤਾ। ਇਸ ਸਮੇਂ ਐਲਾਨ ਕੀਤਾ ਕਿ ਜੇਕਰ ਸਰਕਾਰ ਨੇ ਮੋਟਰਸਾਈਕਲ ਰੇਹੜੀ ਮਜ਼ਦੂਰਾਂ ਦਾ ਰੁਜ਼ਗਾਰ ਖੋਹਣ ਦੀ ਨੀਤੀ ਵਾਪਸ ਨਾ ਲਈ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ, ਡਾਕਟਰ ਅੰਬੇਡਕਰ ਰੇਹੜੀ ਯੂਨੀਅਨ ਦੇ ਸੂਬਾ ਪ੍ਰਧਾਨ ਜਰਨੈਲ ਸਿੰਘ ਮਾਨਸਾ ਨੇ ਕਿਹਾ ਕਿ ਆਮ ਲੋਕਾਂ ਲਈ ਕੰਮ ਕਰਨ ਦੇ ਨਾਂ 'ਤੇ ਵੋਟਾਂ ਲੈ ਕੇ ਸੱਤਾ 'ਚ ਆਈ ਮਾਨ ਸਰਕਾਰ ਹੁਣ ਆਮ ਲੋਕਾਂ ਵਿਰੁੱਧ ਹੀ ਭੁਗਤ ਰਹੀ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਤਾਂ ਦੂਰ ਮੁੱਖ ਮੰਤਰੀ ਮਾਨ ਦਿਹਾੜੀਦਾਰ ਮਜ਼ਦੂਰਾਂ ਤੋਂ ਵੀ ਕੰਮ ਖੋਹਣ 'ਤੇ ਲੱਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਮੋਟਰਸਾਈਕਲ ਰੇਹੜੀਆਂ ਬੰਦ ਕਰ ਦਿੱਤੀਆਂ ਤਾਂ ਘੱਟੋ ਘੱਟ 5 ਲੱਖ ਮਜ਼ਦੂਰ ਭੁੱਖਮਰੀ ਦਾ ਸ਼ਿਕਾਰ ਹੋਵੇਗਾ। ਉਨ੍ਹਾਂ ਕਿਹਾ ਕਿ ਸੜਕਾਂ ਤੇ ਐਕਸੀਡੈਂਟ ਦਾ ਤਾਂ ਸਿਰਫ ਬਹਾਨਾ ਹੈ ਅਸਲ ਵਿੱਚ ਤਾਂ ਮਾਨ ਸਰਕਾਰ ਕੰਪਨੀਆਂ ਗੱਡੀਆਂ ਵਿਕਵਾ ਕੇ ਪੂੰਜੀਪਤੀਆਂ ਦੇ ਮੁਨਾਫੇ ਵਧਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਮਾਨ ਸਰਕਾਰ ਨੇ ਹੜਾ ਵਿੱਚ ਘਿਰੇ ਤੇ ਘਰਾਂ ਤੋਂ ਬੇਘਰ ਹੋਏ ਗਰੀਬਾਂ ਦੀ ਵੀ ਬਾਂਹ ਨਹੀਂ ਫੜੀ।

ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਵਿੱਚ ਮੋਟਰਸਾਈਕਲ ਰੇਹੜੀ ਮਜ਼ਦੂਰਾਂ ਨੂੰ ਜਥੇਬੰਦ ਕਰਕੇ ਸਰਕਾਰ ਖਿਲਾਫ ਅੰਦੋਲਨ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਆਗੂ ਪ੍ਰਿਤਪਾਲ ਸਿੰਘ ਰਾਮਪੁਰਾ, ਨਿੱਕਾ ਸਿੰਘ ਬਹਾਦਰਪੁਰ, ਮੇਲਾ ਸਿੰਘ ਕੈਂਚੀਆਂ, ਕਾਲਾ ਸਿੰਘ ਮਾਨਸਾ, ਰਣਜੀਤ ਸਿੰਘ ਭਗਵਾਨੀਗੜ੍ਹ, ਗੁਰਦੀਪ ਸਿੰਘ ਧੂਰੀ, ਕੁਲਦੀਪ ਸਿੰਘ ਸ਼ੇਰਪੁਰ, ਗੁਰਜੰਟ ਸਿੰਘ ਨਾਭਾ, ਪ੍ਰਗਟ ਸਿੰਘ ਬਰਨਾਲਾ, ਰੋਹੀ ਸਿੰਘ ਗੋਬਿੰਦਗੜ੍ਹ ਵੀ ਮੌਜੂਦ ਸਨ।

# ਪੀ ਐੱਸ ਯੂ ਵੱਲੋਂ ਮਨੀਪੁਰ ਘਟਨਾ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ

**ਨਾਭਾ (ਵਰਿੰਦਰ ਵਰਮਾ)**-ਪੰਜਾਬ ਸਟੂਡੈਂਟਸ ਯੂਨੀਆਨ ਇਕਾਈ ਰਿਪੁਦਮਨ ਕਾਲਜ ਨਾਭਾ ਵੱਲੋਂ ਮਨੀਪੁਰ ਵਿੱਚ 4 ਮਈ ਨੂੰ ਵਾਪਰੀ ਦਿਲ ਕੰਬਾਊ ਘਟਨਾ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਪੀ. ਐੱਸ. ਯੂ. ਦੇ ਜ਼ਿਲ੍ਹਾ ਆਗੂ ਅਰਵਿੰਦਰ ਕੌਰ ਤੇ ਇਕਾਈ ਆਗੂ ਸੁਖਵੀਰ ਕੌਰ ਨੇ ਕਿਹਾ ਕਿ ਮਨੀਪੁਰ ਵਿਖੇ 4 ਮਈ ਨੂੰ ਵਾਪਰੀ ਹੌਲਨਾਕ ਘਟਨਾ, ਜਿਸ ਵਿੱਚ ਔਰਤਾਂ ਨੂੰ ਨਿਰਵਸਤਰ ਕਰਕੇ ਘੁਮਾਇਆ ਗਿਆ ਤੇ ਵੀਡਿਓ ਵਿੱਚ ਔਰਤਾਂ ਦੀ ਪਛਾਣ ਵੀ ਜਨਤਕ ਕੀਤੀ ਗਈ। ਇਹ ਸਾਰੀ ਘਟਨਾ ਔਰਤਾਂ ਵਿਰੁੱਧ ਸਿਰੇ ਦੀ ਘਿਰਨਤ ਜਾਂ ਦੁਸ਼ਟਤਾ ਵਾਲੇ ਅਪਰਾਧ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਮਨੀਪੁਰ ਦੀ ਭਾਜਪਾ ਸਰਕਾਰ ਤੇ ਉਸ ਦਾ ਮੁੱਖ ਮੰਤਰੀ ਬੀਰੇਨ ਸਿੰਘ ਇਸ ਘਿਨੌਣੇ ਅਪਰਾਧ ਲਈ ਜ਼ਿੰਮੇਵਾਰ ਹੈ, ਕਿਉਂਕਿ ਪੁਲਸ ਨੇ ਹਾਲੇ ਤੱਕ ਜ਼ੀਰੋ ਐੱਫ ਆਈ ਆਰ ਕੀਤੀ ਸੀ। ਹੁਣ ਵੀਡੀਓ ਵਾਇਰਲ ਹੋਣ ਮਗਰੋਂ ਥੂ-ਥੂ ਕਾਰਨ ਅਪਰਾਧੀ ਗ੍ਰਿਫਤਾਰ ਕੀਤੀ ਗਏ। ਕਬਾਇਲੀ ਰਾਜ ਮਨੀਪੁਰ ਵਿੱਚ 3 ਮਈ ਨੂੰ ਮੈਤੀ ਤੇ ਕੁੱਕੀ ਕਬੀਲਿਆਂ ਵਿਚਕਾਰ ਨਸਲੀ ਹਿੰਸਾ ਭੜਕੀ ਸੀ। ਇਸ ਨਸਲੀ ਹਿੰਸਾ ਵਿੱਚ ਮਨੀਪੁਰ ਵਿੱਚ ਕੁੱਕੀ ਕਬੀਲੇ ਨਾਲ ਸੰਬੰਧਤ ਔਰਤਾਂ ਨਾਲ ਇਹ ਘਟਨਾ ਵਾਪਰੀ ਹੈ। ਇਸ ਮੌਕੇ ਇਕਾਈ ਆਗੂ ਹਰਮਨਦੀਪ ਸਿੰਘ ਭੌੜੇ ਨੇ ਕਿਹਾ ਕਿ ਭਾਜਪਾ ਦੀ ਮਨੀਪੁਰ ਸਰਕਾਰ ਇਸ ਨਸਲੀ ਹਿੰਸਾ 'ਤੇ ਚੁੱਪ ਕਿਉਂ ਹੈ। ਭਾਜਪਾ ਤੇ ਆਰ ਐੱਸ ਐੱਸ ਨੇ ਮਨੀਪੁਰ ਵਿੱਚ ਫਿਰਕੂ ਧਰੁਵੀਕਰਨ ਦੇ ਖਤਰਨਾਕ ਬੀਜ ਬੀਜੇ ਹਨ। ਇਹ ਆਰ ਐੱਸ ਐੱਸ ਦੀ ਕਾਰਜਸ਼ੈਲੀ ਦਾ ਇੱਕ ਅਹਿਮ ਅੰਗ ਹੈ। ਅਸੀਂ ਸਮਝਦੇ ਹਾਂ ਕਿ ਮਨੀਪੁਰ ਵਿੱਚ ਔਰਤਾਂ ਵਿਰੁੱਧ ਇਸ ਤਰ੍ਹਾਂ ਦੀ ਘਿਰਨਤ ਘਟਨਾ ਦੇ ਦੋਸ਼ੀਆਂ ਖਿਲਾਫ ਫੌਰੀ ਸਖਤ ਕਦਮ ਚੁੱਕੇ ਜਾਣ। ਪੀੜਤ ਔਰਤਾਂ ਦੀ ਸ਼ਾਲੀਨਤਾ ਬਰਕਰਾਰ ਰੱਖ ਲਈ ਕਦਮ ਪੁੱਟੇ ਜਾਣ। ਪੀੜਤ ਔਰਤਾਂ ਦੀ ਸ਼ਾਲੀਨਤਾ ਬਰਕਰਾਰ ਰੱਖਣ ਲਈ ਕਦਮ ਪੁੱਟੇ ਜਾਣ। ਮਨੀਪੁਰ ਵਿੱਚ ਹਿੰਸਾ ਭੜਕਾਉਣ ਲਈ ਜ਼ਿੰਮੇਵਾਰ ਭਾਜਪਾ ਦੀ ਬੀਰੇਨ ਸਰਕਾਰ ਨੂੰ ਤੁਰੰਤ ਭੰਗ ਕਰਨਾ ਚਾਹੀਦਾ ਹੈ ਤੇ ਸ਼ਾਂਤੀ ਬਹਾਲ ਕਰਨੀ ਚਾਹੀਦੀ ਹੈ। ਦੇਸ਼ ਵਿੱਚ ਆਦੀਵਾਸੀਆਂ ਦੇ ਹੱਕ ਤੇ ਪਛਾਣ ਦੀ ਸੁਰੱਖਿਆ ਕਰਨੀ ਚਾਹੀਦੀ ਹੈ। ਕੇਂਦਰ ਸਰਕਾਰ ਦੁਆਰਾ ਕਾਰਪੋਰੇਟ ਘਰਾਣਿਆਂ ਨੂੰ ਉਨ੍ਹਾਂ ਦੇ ਉਜਾੜੇ ਖਾਤਰ ਜਲ, ਜੰਗਲ, ਜ਼ਮੀਨ ਦੇਣ ਲਈ ਫੌਰੈਸਟ ਐਕਟ ਵਿੱਚ ਕੀਤੀ ਜਾ ਰਹੀ ਸੋਧ ਰੱਦ ਕੀਤੀ ਜਾਵੇ। ਇਸ ਮੌਕੇ ਪੀ ਐੱਸ ਯੂ ਦੇ ਇਕਾਈ ਆਗੂ ਸਤਵੀਰ ਕੌਰ, ਗੁਰਸੇਵਕ ਬੌੜਾਂ, ਕੁਲਵਿੰਦਰ ਸਿੰਘ ਬੰਮਣਾਂ, ਸੰਧਿਆਂ, ਸੁਖਜੀਤ ਕੌਰ, ਮਨਪ੍ਰੀਤ ਬੂਹੀ ਆਦਿ ਹਾਜ਼ਰ ਸਨ।

# ਪੁਲਸ ਮੁੱਠਭੇੜ ਦੌਰਾਨ ਜ਼ਖਮੀ 2 ਗੈਂਗਸਟਰ ਅਸਲੇ ਸਮੇਤ ਕਾਬੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਹਰਮਨਬੀਰ ਸਿੰਘ ਗਿੱਲ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹੇ ਅੰਦਰ ਸ਼ਰਾਰਤੀ ਅਨਸਰਾਂ ਤੇ ਗੈਂਗਸਟਰਾਂ ਖਿਲਾਫ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਪੁਲਸ ਪਾਰਟੀ ਵੱਲੋਂ ਪਿਛਲੀ ਦਿਨੀਂ ਗੋਲੀਬਾਰੀ ਕਰਨ ਵਾਲੇ 02 ਗੈਂਗਸਟਰਾਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ 21 ਜੁਲਾਈ ਨੂੰ ਪੁਲਸ ਕੋਲ ਲਿਖਵਾਈ ਇੱਕ ਸ਼ਿਕਾਇਤ ਦੇ ਮਾਮਲੇ ਲੋੜੀਂਦੇ ਮੁਲਜ਼ਮ ਅਜੈ ਗੁੰਬਰ ਤੇ ਸੰਦੀਪ ਉਰਫ ਸੰਨੀ ਭਿੰਡਰ ਦੀ ਗ੍ਰਿਫਤਾਰੀ ਲਈ ਕੀਤੀ ਜਾ ਰਹੀ ਕਾਰਵਾਈ ਦੌਰਾਨ ਇੰਚਾਰਜ ਸੀ.ਆਈ.ਏ. ਐੱਸ ਆਈ ਰਮਨ ਕੰਬੋਜ ਤੇ ਪੁਲਸ ਪਾਰਟੀ ਵੱਲੋਂ 23 ਜੁਲਾਈ ਨੂੰ ਰਾਤ 08:30 ਵਜੇ ਦੇ ਕ੍ਰੀਬ ਪਿੰਡ ਚੱਕ ਮਦਰੱਸਾ ਪੁਲ ਸੂਆ ਨਾਕਾ ਬੰਦੀ ਕੀਤੀ ਗਈ ਸੀ।

ਉਸੇ ਵਕਤ ਮੁਲਜ਼ਮ ਅਜੈ ਗੁੰਬਰ ਤੇ ਸੰਦੀਪ ਉਰਫ ਸੰਨੀ ਭਿੰਡਰ ਅਤੇ ਇੰਚਾਰਜ ਸੀ.ਆਈ.ਏ. ਤੇ ਪੁਲਸ ਵਿਚਕਾਰ ਗੋਲੀਬਾਰੀ ਹੋਈ, ਜਿਸ ਦੌਰਾਨ ਅਜੈ ਕੁਮਾਰ ਗੁੰਬਰ ਦੀ ਲੱਤ ਵਿੱਚ ਗੋਲੀ ਵੱਜੀ। ਇਸ ਉਪਰੰਤ ਪੁਲਸ ਪਾਰਟੀ ਵੱਲੋਂ ਦੋਨਾਂ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਗਿਆ। ਉਨ੍ਹਾ ਖਿਲਾਫ ਮੁਕੱਦਮਾ ਅਸਲਾ ਐਕਟ ਥਾਣਾ ਲੱਖੇਵਾਲੀ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਗਈ। ਪੁੱਛਗਿੱਛ ਦੌਰਾਨ ਅਜੈ ਕੁਮਾਰ ਗੁੰਬਰ ਨੇ ਖੁਲਾਸਾ ਕੀਤਾ ਕਿ ਉਸ ਦੇ ਮਨੀ ਭਿੰਡਰ ਵਾਸੀ ਭਿੰਡਰ ਖੁਰਦ, ਜੋ ਕਿ ਮੌਜੂਦਾ ਸਮੇਂ ਅਮਰੀਕਾ ਵਿੱਚ ਰਹਿੰਦਾ ਹੈ (ਜਿਸ 'ਤੇ ਮੋਗਾ ਵਿੱਚ 08 ਮੁਕੱਦਮੇ ਦਰਜ ਹਨ) ਤੇ ਸੁੱਖਾ ਦੁੱਨੇਕੇ ਨਾਮਕ ਬਦਨਾਮ ਗੈਂਗਸਟਰਾਂ ਨਾਲ ਸਬੰਧ ਹਨ। ਉਸ ਨੇ ਇਹ ਵੀ ਦੱਸਿਆ ਕਿ ਉਸ ਵੱਲੋਂ ਸੁੱਖਾ ਦੁੱਨੇਕੇ ਤੇ ਲਾਰੈਂਸ ਬਿਸ਼ਨੋਈ ਗੈਂਗ ਤੇ ਗੋਲਡੀ ਬਰਾੜ ਗੈਂਗਸਟਰਾਂ ਵਿਚਕਾਰ ਚੱਲ ਰਹੀ ਦੁਸ਼ਮਣੀ ਦਾ ਬਦਲਾ ਲੈਣ ਲਈ ਕਤਲ ਕਰਨਾ ਤੇ ਸੁੱਖਾ ਦੁੱਨੇਕੇ ਦੀ ਤਰਫੋਂ ਜਬਰੀ ਵਸੂਲੀ ਕਰਨ ਲਈ ਕੰਮ ਕਰਦਾ ਸੀ। ਇਸ ਜਬਰੀ ਵਸੂਲੀ ਲਈ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਕੁਝ ਰਸੂਖਦਾਰ ਵਿਅਕਤੀਆ ਤੋਂ ਵੀ ਰੰਗਦਾਰੀ ਦੀ ਮੰਗ ਕੀਤੀ ਗਈ, ਜਿਨ੍ਹਾਂ ਦੇ ਨਾਮਾ ਨੂੰ ਸੁਰੱਖਿਆ ਦੇ ਮੱਦੇਨਜ਼ਰ ਗੁਪਤ ਰੱਖਿਆ ਗਿਆ ਹੈ। ਪੁਲਸ ਦੀ ਅਗਲੇਰੀ ਕਾਰਵਾਈ ਚੱਲ ਰਹੀ ਹੈ।

## ਕਾਤਰਾਂ

### ਗੁਰਮਿਤ ਸੰਗੀਤ ਵਿਦਿਆਲਾ 'ਚ ਦਾਖਲੇ ਸੰਬੰਧੀ ਇੰਟਰਵਿਊ ਅੱਜ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਵੱਡੇ ਘੱਲੂਘਾਰੇ ਦੇ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਮਰਪਤ, ਸੱਚਖੰਡ ਵਾਸੀ ਸੰਤ ਜਸਵੀਰ ਸਿੰਘ ਖਾਲਸਾ ਵੱਲੋਂ ਸ਼੍ਰੋਮਣੀ ਕਮੇਟੀ ਰਾਹੀਂ ਸ਼ੁਰੂ ਕਰਵਾਏ ਗਏ ਸ੍ਰ. ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਕਾਲਾਮਲ੍ਹਾ ਸਾਹਿਬ ਛਾਪਾ (ਬਰਨਾਲਾ) ਵਿਖੇ ਮੁਫਤ ਦੋ ਸਾਲਾ ਗੁਰਮਤਿ ਸੰਗੀਤ ਤੇ ਤਬਲਾ ਕੋਰਸ ਸੈਸ਼ਨ 2023-25 ਲਈ ਵਿਦਿਆਰਥੀਆਂ ਦੀ ਇੰਟਰਵਿਊ 25 ਜੁਲਾਈ ਨੂੰ ਹੋਵੇਗੀ। ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਇੰਚਾਰਜ ਭਾਈ ਗੁਰਪ੍ਰੀਤ ਸਿੰਘ ਨੂਰ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਣੀ ਸਬ ਕਮੇਟੀ ਵੱਲੋਂ ਇੰਟਰਵਿਊ ਲਈ ਜਾਵੇਗੀ। ਉਨ੍ਹਾ ਚਾਹਵਾਨ ਗੁਰਸਿੱਖ ਨੌਜਵਾਨਾਂ ਨੂੰ ਇਸ ਮੌਕੇ ਦਾ ਲਾਭ ਲੈਣ ਦੀ ਅਪੀਲ ਕੀਤੀ। ਇਸ ਮੌਕੇ ਭਾਈ ਬਲਵੰਤ ਸਿੰਘ ਮਹੇਰਨਾ, ਭਾਈ ਹਰਜੀਤ ਸਿੰਘ, ਭਾਈ ਚਰਨਪ੍ਰੀਤ ਸਿੰਘ ਆਦਿ ਹਾਜ਼ਰ ਸਨ।

### 250 ਗ੍ਰਾਮ ਅਫੀਮ ਸਮੇਤ ਦੋਸ਼ੀ ਗ੍ਰਿਫਤਾਰ

**ਜਗਰਾਓਂ (ਅਮਿਤ ਖੰਨਾ)**-ਥਾਣਾ ਸਦਰ ਜਗਰਾਓਂ ਦੀ ਪੁਲਸ ਨੇ ਇਕ ਨਸ਼ਾ ਤਸਕਰ ਨੂੰ 250 ਗ੍ਰਾਮ ਅਫੀਮ ਸਮੇਤ ਕਾਬੂ ਕੀਤਾ ਹੈ। ਮੁਲਜ਼ਮ ਦੀ ਪਛਾਣ ਬਲਵਿੰਦਰ ਸਿੰਘ ਉਰਫ ਢਿੱਡੂ ਪੁੱਤਰ ਹਾਕਮ ਸਿੰਘ ਵਾਸੀ ਚਕਰ ਵਜੋਂ ਹੋਈ ਹੈ। ਥਾਣਾ ਸਦਰ ਦੇ ਮੁਖੀ ਅਮਰਜੀਤ ਸਿੰਘ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਕਾਉਂਕੇ ਖੋਸਾ ਤੋਂ ਪਿੰਡ ਦਾਗੀਆਂ ਨੂੰ ਜਾ ਰਹੀ ਸੀ ਤਾਂ ਨਹਿਰ ਦੇ ਪੁਲ ਨੇੜੇ ਪਿੰਡ ਰਸੂਲਪੁਰ ਦਾ ਨੌਜਵਾਨ ਪੈਦਲ ਆਉਂਦਾ ਦੇਖਿਆ। ਉਸ ਨੇ ਆਪਣੇ ਖੱਬੇ ਹੱਥ 'ਚ ਇੱਕ ਲਿਫਾਫਾ ਫੜਿਆ ਹੋਇਆ ਸੀ। ਸ਼ੱਕ ਦੇ ਆਧਾਰ 'ਤੇ ਉਸ ਨੂੰ ਰੋਕ ਕੇ ਉਸ ਦਾ ਨਾਂ ਪੁੱਛਿਆ ਤਾਂ ਉਸ ਨੇ ਆਪਣਾ ਨਾਂ ਬਲਵਿੰਦਰ ਸਿੰਘ ਉਰਫ ਫਿਦ ਪੁੱਤਰ ਹਾਕਮ ਸਿੰਘ ਵਾਸੀ ਚਕਰ ਥਾਣਾ ਹਠੂਰ ਦੱਸਿਆ। ਉਪਰੰਤ ਹੱਥ 'ਚ ਫੜੇ ਲਿਫਾਫੇ ਨੂੰ ਖੋਲ੍ਹ ਕੇ ਚੈੱਕ ਕੀਤਾ ਗਿਆ ਤਾਂ 250 ਗ੍ਰਾਮ ਅਫੀਮ ਬਰਾਮਦ ਹੋਈ। ਮੁਲਜ਼ਮ ਖਿਲਾਫ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

### ਵਿਧਾਇਕ ਦਹੀਆ ਨੇ ਜਾਣਿਆ ਸੁਭਾਸ਼ ਧਵਨ ਸਰਪੰਚ ਦੀ ਸਿਹਤ ਦਾ ਹਾਲ

**ਮਮਦੋਟ (ਹਰਪਾਲ ਸਿੰਘ ਸੋਢੀ, ਜਸਬੀਰ ਸਿੰਘ ਕੰਬੋਜ)**-ਮਮਦੋਟ ਕਸਬੇ ਦੇ ਸਾਬਕਾ ਸਰਪੰਚ ਸੁਭਾਸ਼ ਧਵਨ, ਜੋ ਕਿ ਪਿਛਲੇ ਲੰਬੇ ਸਮੇਂ ਤੋਂ ਬਿਮਾਰ ਚੱਲ ਰਹੇ ਸਨ, ਅੱਜ ਉਨ੍ਹਾਂ ਦੀ ਸਿਹਤ ਦਾ ਹਾਲ-ਚਾਲ ਜਾਨਣ ਲਈ ਫਿਰੋਜ਼ਪੁਰ ਦਿਹਾਤੀ ਤੋਂ ਵਿਧਾਇਕ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਉਨ੍ਹਾਂ ਦੇ ਨਿਵਾਸ ਅਸਥਾਨ 'ਤੇ ਪਹੁੰਚੇ। ਇਸ ਮੌਕੇ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਨੇ ਸਾਬਕਾ ਸਰਪੰਚ ਸੁਭਾਸ਼ ਕੁਮਾਰ ਧਵਨ ਦੀ ਤੰਦਰੁਸਤੀ ਲਈ ਤੇ ਲੰਬੀ ਉਮਰ ਦੀ ਕਾਮਨਾ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਨ੍ਹਾਂ ਨਾਲ ਨਿਰਵੈਰ ਸਿੰਘ ਸਿੰਧੀ ਜ਼ਿਲ੍ਹਾ ਮੀਡੀਆ ਇੰਚਾਰਜ ਫਿਰੋਜ਼ਪੁਰ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਰਾਜ ਸਿੰਘ ਸੰਧੂ, ਨਗਰ ਪੰਚਾਇਤ ਮਮਦੋਟ ਦੇ ਪ੍ਰਧਾਨ ਉਪਿੰਦਰ ਸਿੰਘ ਸਿੰਧੀ, ਐੱਮ ਸੀ ਦਲਜੀਤ ਸਿੰਘ, ਐੱਮ ਸੀ ਸੁਰਿੰਦਰ ਕੁਮਾਰ ਸੋਨੂੰ ਸੇਠੀ, ਸ਼ਿੰਗਾਰਾ ਸਿੰਘ ਸਾਹਨਕੇ, ਲੇਖ ਰਾਜ ਬਹਿਲ, ਸੰਜੀਵ ਕੁਮਾਰ ਧਵਨ, ਵਿਜੇ ਕੁਮਾਰ ਵਿਨਾਇਕ, ਗੁਰਪ੍ਰੀਤ ਸਿੰਘ ਐਡਵੋਕੇਟ, ਵਿੱਕੀ ਵਿਨਾਇਕ ਤੇ ਹਰਪਿੰਦਰਪਾਲ ਸਿੰਘ ਰੋਬਿਨ ਸੰਧੂ ਨਿੱਜੀ ਸਕੱਤਰ ਹਲਕਾ ਵਿਧਾਇਕ ਹਾਜ਼ਰ ਸਨ।

# ਮਾਤਾ ਸਾਹਿਬ ਕੌਰ ਪਬਲਿਕ ਸਕੂਲ 'ਚ ਇੰਟਰ ਹਾਊਸ ਖੇਡਾਂ ਸ਼ੁਰੂ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਅੱਜ ਦੇ ਯੁੱਗ ਵਿੱਚ ਬੱਚੇ ਜੋ ਕਿ ਮੋਬਾਇਲ ਫੋਨ 'ਤੇ ਗੇਮਾਂ ਖੇਡ ਰਹੇ ਹਨ, ਉਨ੍ਹਾਂ ਦੀ ਰੁਚੀ ਸਰੀਰਕ ਖੇਡਾਂ ਵਿੱਚ ਘੱਟ ਗਈ ਹੈ, ਜਿਸ ਕਰਕੇ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਨਵੀਂ ਸਿੱਖਿਆ ਨੀਤੀ ਅਨੁਸਾਰ ਬੱਚਿਆਂ ਦੇ ਸਰਵਪੱਖੀ ਵਿਕਾਸ ਕਰਨ ਵਾਸਤੇ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਗੁਰੂ ਹਰਸਹਾਏ ਵਿਖੇ ਇੰਟਰ ਹਾਊਸ ਖੇਡਾਂ 2023 ਦਾ ਆਗਾਜ਼ ਹੋਇਆ। ਜਮਾਤ ਪਹਿਲੀ ਤੋਂ ਪੰਜਵੀਂ ਤੱਕ 50 ਮੀਟਰ ਰੇਸ, ਟੰਗ ਔਫ ਜੰਗ, ਤਾਈਕਵਾਂਡੋ (ਮਾਰਸ਼ਲ ਆਰਟਸ), ਖੋ-ਖੋ, ਹਰਡਲ ਰੇਸ, ਗੱਤਕਾ, ਲੰਬੀ ਛਾਲ, ਫੁੱਟਬਾਲ (ਸਿਰਫ ਲੜਕੇ), ਕੁਸ਼ਤੀ (ਸਿਰਫ ਲੜਕੇ), ਕਬੱਡੀ (ਸਿਰਫ ਲੜਕੇ)

page-6-25-July-2023-(SM).qxd 7/24/2023 10:55 PM Page 1



## ਅੱਜ ਤੋਂ ਮੁੜ ਸ਼ੁਰੂ ਹੋਵੇਗੀ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ: ਡੀਸੀ

ਡੇਰਾ ਬਾਬਾ ਨਾਨਕ/(ਰਮੇਸ਼ ਸ਼ਰਮਾ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਲੈਂਡ ਪੋਰਟ ਅਥਾਰਟੀ, ਬੀਐੱਸਐੱਫ, ਨੈਸ਼ਨਲ ਹਾਈਵੇ ਅਥਾਰਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਜਾਇਜ਼ਾ ਲੈਣ ਤੋਂ ਬਾਅਦ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ ਨੂੰ ਮੁੜ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਇਹ ਯਾਤਰਾ 25 ਜੁਲਾਈ 2023 ਤੋਂ ਮੁੜ ਸ਼ੁਰੂ ਹੋ ਜਾਵੇਗੀ।

ਦੱਸਣਯੋਗ ਹੈ ਕਿ ਬੀਤੇ ਦਿਨੀਂ ਮੈਦਾਨੀ ਤੇ ਪਹਾੜੀ ਖੇਤਰਾਂ ਵਿੱਚ ਹੋਈ ਭਾਰੀ ਬਰਸਾਤ ਕਾਰਨ ਦਰਿਆ ਰਾਵੀ ਵਿੱਚ ਪਾਣੀ ਦਾ ਪੱਧਰ ਵੱਧਣ ਕਾਰਨ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਮਾਰਗ ਨੂੰ ਪੁੱਜੇ ਨੁਕਸਾਨ ਕਾਰਨ 20 ਜੁਲਾਈ ਨੂੰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਲੈਂਡ ਪੋਰਟ ਅਥਾਰਟੀ ਦੀ ਸਲਾਹ ਨਾਲ ਯਾਤਰਾ 'ਤੇ ਆਰਜ਼ੀ ਤੌਰ 'ਤੇ ਰੋਕ ਲਗਾ ਦਿੱਤੀ ਗਈ ਸੀ। ਅੱਜ ਸ਼ਾਮ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਲੈਂਡ ਪੋਰਟ ਅਥਾਰਟੀ, ਬਿਊਰੋ ਆਫ ਇੰਮੀਗਰੇਸ਼ਨ, ਬੀ.ਐੱਸ.ਐੱਫ, ਨੈਸ਼ਨਲ ਹਾਈਵੇ ਅਥਾਰਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਦੁਬਾਰਾ ਜਾਇਜ਼ਾ ਲੈਣ ਤੋਂ ਬਾਅਦ ਇਸ ਪਾਬੰਦੀ ਨੂੰ ਹਟਾ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਕਿਹਾ ਕਿ ਭਾਰਤੀ ਪਾਸੇ ਲਾਂਘੇ ਦੇ ਮਾਰਗ ਨੂੰ ਜੋ ਨੁਕਸਾਨ ਪਹੁੰਚਿਆ ਸੀ, ਉਸ ਨੂੰ ਠੀਕ ਕਰ ਲਿਆ ਗਿਆ ਹੈ। ਇਸ ਲਈ 25 ਜੁਲਾਈ 2023 ਤੋਂ ਸ਼ਰਧਾਲੂ ਪਹਿਲਾਂ ਵਾਂਗ ਹੀ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਜਾ ਸਕਣਗੇ। ਉਨ੍ਹਾਂ ਕਿਹਾ ਕਿ ਬਰਾਸਤੀ ਸੀਜ਼ਨ ਦੌਰਾਨ ਭਵਿੱਖ ਵਿੱਚ ਕੋਈ ਸਮੱਸਿਆ ਨਾ ਆਵੇ, ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੂਰੀ ਸਾਵਧਾਨੀ ਵਰਤੀ ਜਾ ਰਹੀ ਹੈ। ਡੀਸੀ ਨੇ ਦੱਸਿਆ ਕਿ ਜਿੰਨੇ ਦਿਨ ਸ੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ ਬੰਦ ਰਹੀ ਸੀ ਉਨੇ ਦਿਨ 700 ਦੇ ਕਰੀਬ ਸ਼ਰਧਾਲੂ ਯਾਤਰਾ 'ਤੇ ਨਹੀਂ ਜਾ ਸਕੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਸ਼ਰਧਾਲੂਆਂ ਨੂੰ ਹੁਣ ਯਾਤਰਾ ਲਈ ਦੁਬਾਰਾ ਅਪਲਾਈ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਦੁਬਾਰਾ ਅਪਲਾਈ ਕਰਨ ਵਿੱਚ ਕੋਈ ਪੈਸਾ ਨਹੀਂ ਲੱਗਣਾ। ਇਸ ਲਈ ਕਿਸੇ ਵੀ ਸ਼ਰਧਾਲੂ ਦਾ ਕੋਈ ਵਿੱਤੀ ਨੁਕਸਾਨ ਨਹੀਂ ਹੋਵੇਗਾ।

## ਨਾਰਾਇਣ ਦਿਵਿਆਂਗ ਟੈਲੇਂਟ ਐਂਡ ਫੈਸ਼ਨ ਸ਼ੋਅ ਆਯੋਜਿਤ

**ਚੰਡੀਗੜ੍ਹ** : ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸਵੈ-ਸੇਵੀ ਸੰਸਥਾ ਉਦੈਪੁਰ ਸਥਿਤ ਨਾਰਾਇਣ ਸੇਵਾ ਸੰਸਥਾਨ (ਐਨਐਸਐਸ.) ਦਾ ਦਿਵਿਆ ਹੀਰੋਜ਼-2023 ਨਾਮਕ ਨਾਰਾਇਣ ਦਿਵਿਆਂਗ ਟੈਲੇਂਟ ਐਂਡ ਫੈਸ਼ਨ ਸੋਅ ਐਤਵਾਰ ਨੂੰ ਟੈਗੋਰ ਥੀਏਟਰ, ਸੈਕਟਰ 18 ਵਿਖੇ ਕਰਵਾਇਆ ਗਿਆ। ਸ਼ੋਅ ਦੌਰਾਨ ਕੁਝ ਦੋਵੇਂ ਲੱਤਾਂ ਤੋਂ ਅਪੰਗ ਸਨ, ਕੁਝ ਇਕ ਲੱਤ ਨਾਲ, ਕੁਝ ਇਕ ਹੱਥ ਨਾਲ, ਕੁਝ ਬੈਸਾਖੀਆਂ ਅਤੇ ਵ੍ਹੀਲਚੇਅਰ 'ਤੇ ਸਨ, ਪਰ ਹਰ ਪ੍ਰਤਿਭਾਸ਼ਾਲੀ ਕਲਾਕਾਰ ਜੋਸ਼ ਨਾਲ ਭਰਿਆ ਹੋਇਆ ਸੀ। ਕਲਾਕਾਰਾਂ ਨੇ ਆਪਣੀ ਪ੍ਰਤਿਭਾ ਪੇਸ਼ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ। ਇਨ੍ਹਾਂ ਦਿਵਿਆਂਗਾਂ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਮਹਿਮਾਨ ਚੰਡੀਗੜ੍ਹ ਨਗਰ ਨਿਗਮ ਦੀ ਕਮਿਸ਼ਨਰ ਆਨੰਦਿਤਾ ਮਿੱਤਰਾ (ਆਈਏਐਸ) ਅਤੇ ਆਈਟੀਬੀਪੀ ਦੇ ਆਈਜੀ ਈਸ਼ਵਰ ਸਿੰਘ ਦੁਹਾਨ (ਆਈਪੀਐੱਸ) ਮੌਜੂਦ ਸਨ। ਸੰਸਥਾ ਦੇ ਪ੍ਰਧਾਨ ਪ੍ਰਸ਼ਾਂਤ ਅਗਰਵਾਲ ਨੇ ਮੇਵਾੜੀ ਪਰੰਪਰਾ ਅਨੁਸਾਰ ਸੰਸਥਾ ਦੇ ਪਤਵੰਤਿਆਂ ਅਤੇ ਦਾਨੀ ਸੱਜਣਾਂ ਦਾ ਨਿੱਘਾ ਸਵਾਗਤ ਕੀਤਾ। ਇਸ ਸ਼ੋਅ ਵਿੱਚ ਭਾਗ ਲੈਣ ਵਾਲੇ ਦਿਵਿਆਂਗ ਕਲਾਕਾਰਾਂ ਨੇ ਸੰਸਥਾ ਵਿੱਚ ਸਰਜਰੀਆਂ ਅਤੇ ਬਨਾਵਟੀ ਅੰਗਾਂ ਦਾ ਲਾਭ ਉਠਾਇਆ।

## 1500 ਰੁਪਏ ਲੈਣ ਦੇ ਦੋਸ਼ ਹੇਠ ਪਟਵਾਰੀ

ਜਲੰਧਰ (ਸੁਰਿੰਦਰ ਕੁਮਾਰ) ਪੰਜਾਬ ਵਿਜੀਲੈਂਸ ਬਿਊਰੋ ਨੇ ਜ਼ਿਲ੍ਹੇ ਦੇ ਮਾਲ ਹਲਕਾ ਨੂਰਮਹਿਲ ਵਿਖੇ ਤਾਇਨਾਤ ਪਟਵਾਰੀ ਹਰਬੰਸ ਲਾਲ ਨੂੰ ਪਿੰਡ ਦੇ ਨਕਸ਼ੇ (ਅਕਸ ਛੱਜਰਾ) ਲਈ 1500 ਰੁਪਏ, ਜਿਸ ਦੀ ਸਰਕਾਰੀ ਫ਼ੀਸ ਸਿਰਫ 80 ਰੁਪਏ ਹੈ, ਲੈਣ ਦੇ ਦੋਸ਼ ਹੇਠ ਕਾਬੂ ਕੀਤਾ ਹੈ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਨਰਿੰਦਰ ਸਿੰਘ ਵਾਸੀ ਪਿੰਡ ਰਾਮੇਵਾਲ ਨੇ 30-ਜੂਨ ਨੂੰ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 9501200200 'ਤੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸਦੇ ਮਾਮੇ ਨੂੰ ਨਕਸ਼ੇ ਦੀ ਲੋੜ ਸੀ, ਜਿਸ ਕਾਰਨ 23 ਜੂਨ ਨੂੰ ਉਹ ਆਪਣੇ ਮਾਮੇ ਨਾਲ ਉਕਤ ਪਟਵਾਰੀ ਕੋਲ ਗਏ ਸਨ ਪਰ ਪਟਵਾਰੀ ਨੇ ਉਨ੍ਹਾਂ ਨੂੰ 26 ਜੂਨ ਨੂੰ ਆਉਣ ਲਈ ਕਿਹਾ। ਜਦੋਂ ਉਹ 26 ਜੂਨ ਨੂੰ ਪਟਵਾਰੀ ਦੇ ਦਫਤਰ ਗਏ ਤਾਂ ਉਸ ਨੇ ਨਕਸ਼ੇ ਬਦਲੇ ਉਨ੍ਹਾਂ ਕੋਲੋਂ 1500 ਰੁਪਏ ਲਏ, ਜਦੋਂਕਿ ਇਸ ਨਕਸ਼ੇ ਦੀ ਸਰਕਾਰੀ ਫ਼ੀਸ ਸਿਰਫ 80 ਰੁਪਏ ਬਣਦੀ ਸੀ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਨੇ ਮੁਲਜ਼ਮ ਪਟਵਾਰੀ ਹਰਬੰਸ ਲਾਲ ਖਿਲਾਫ਼ ਥਾਣਾ ਵਿਜੀਲੈਂਸ ਬਿਊਰੋ, ਜਲੰਧਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 7 ਅਧੀਨ ਐਫ.ਆਈ.ਆਰ. ਨੰਬਰ 19 ਮਿਤੀ 24-07-2023 ਦਰਜ ਕਰਨ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

### Change of Name

I, Vishal Thapar S/o Ramesh Thapar Address House No M-93 Noorwala Road A V M School Vasant Vihar Colony Ludhiana 141001 I Have Changed My Name Vishal Thaper To Vishal Thapar.

I, Ravi Kumar S/O. Parma Nand R/O. Ward No. 2, Garhshankar Distt. Hoshiarpur have changed the name of my minor Daughter's from Natali to Natali Mehta.

I, Vijay Kumar S/O. Pritam Chand R/O. Ward No. 11, Santokh Nagar Garhshankar Distt. Hoshiarpur have changed the name of my minor Daughter's from Kulnidhi to Kulnidhi chumber.

I, Prem Singh S/o Satnam singh r/o vill bhode sprai, p.o jamsher, distt. Jalandhar have changed my name as prem singh kalra.

I, hitherto Known as KULDIP KUMAR S/O PIARA RAM R/O VILL. Khojpur P.O. Rajpur, Distt. Jalandhar Punjab-144201 have changed my name and shall hereafter be known as KULDEEP KUMAR. All Concerned please note.

I Tajinder Kaur W/o Manjit Singh Resident of 307, Near Ashoka Park, Basant Avenue, Amritsar I have changed my name from Tajinder Kaur to Tejinder Kaur. All concerned please note.

### Change of Name

I, Kuldeep Kumar S/O Piara Ram R/O VILL. Khojpur P.O. Rajpur, Distt. Jalandhar Punjab declare I have changed my daughter 's name Amanjot to Amanjot Sahota. All Concerned please note.

I, Abhishek Masih S/o Younes Masih R/o H.No. 264, Pholriwal, Jalandhar, Punjab-144022 have changed my name from Abhishek to Abhishek Masih. All concerned please note.

I,Baljit Singh S/O Lakhwinder Singh Randhawa R/O 34-M-1/1503,Sant Mishra Singh Colony, Tarn Taran Road ,Amritsar,Punjab have changed my name from Baljit Singh to Baljit Singh Randhawa. Concerned note.

I, Om Parkash S/o Late Sh. Durga Dass R/o 27-28. Chabal Road, Near Bedi Petrol Pump Shaheed Udham Singh Colony Amritsar have changed my name to Om Parkash Suri

I, Suman Phulara W/o Vikas Dutt R/o H.No. 31, Near Ved Mata Mandir, Simran Enclave, Phillaur, Dhanowlai Jalandhar, Punjab-144010, have changed my name to Suman Sharma after marriage.

I, Sohinder singh santa singh s/o santa singh arora R/O 15/66 new golden avenue, Amritsar 143001, have changed my name as sohinder arora.


**ਸਰਕਾਰੀ ਬਹੁਤਕਨੀਕੀ ਕਾਲਜ**

ਜੀ.ਟੀ. ਰੋਡ, ਛੇਹਰਟਾ, ਅੰਮ੍ਰਿਤਸਰ। ਫੋਨ 0183-2258269

**ਦਾਖਲਾ ਨੋਟਿਸ**

**ਕੋਰਸ :** ਬੀ. ਫਾਰਮੇਸੀ ਚਾਰ ਸਾਲਾ ਡਿਗਰੀ ਕੋਰਸ (PCI ਅਤੇ AICTE ਤੋਂ ਮਾਨਤਾ ਪ੍ਰਾਪਤ) ਵਿੱਚ ਕੁਝ ਸੀਟਾ ਖਾਲੀ ਹਨ।

**ਯੋਗਤਾ :** 10+2 ਨਾਨ ਮੈਡੀਕਲ/ ਮੈਡੀਕਲ (ਦਾਖਲਾ ਮੈਰਿਟ ਦੇ ਅਧਾਰ ਤੇ)

**ਕੌਂਸਲਿੰਗ ਦੀ ਮਿਤੀ :** ਚਾਹਵਾਨ ਵਿਦਿਆਰਥੀ 26/07/23 ਸਵੇਰੇ 10 ਵਜੇ ਤੱਕ ਅਸਲ ਸਰਟੀਫਿਕੇਟ ਅਤੇ 05 ਫੋਟੋ ਨਾਲ ਲੈਕੇ ਕੌਂਸਲਿੰਗ ਲਈ ਕਾਲਜ ਵਿੱਚ ਅਪੀਅਰ ਹੋਣ। ਦਾਖਲਾ ਫੀਸ ਮੌਕੇ ਤੇ ਨਗਦ ਵਸੂਲ ਕੀਤੀ ਜਾਵੇਗੀ।

ਸੰਪਰਕ ਕਰੋ:
ਸ਼ੈਲੀ, ਇੰਚ. ਫਾਰਮੇਸੀ
ਮੋ. 8283819114

ਪ੍ਰਿੰਸੀਪਲ,
ਸਰਕਾਰੀ ਬਹੁਤਕਨੀਕੀ ਕਾਲਜ,
ਅੰਮ੍ਰਿਤਸਰ।


### Court Notice

(U/o 21 Rule 66 CPC)
In the Court of
**Ms. Shampy Chaudhary,**
Additional Civil Judge (Sr. Divin.), Amloh (P)
CNR No. PBFGA0000272-2022
Next Date ; 21-08-2023

(1) Punjab State Power Corporation Limited the Mall Patiala Through Senior Executive Engineer Operation Division Punjab State Power Corpor ation Limited Mandi Gobindgarh Tehsil Amloh Distt. Fatehgarh Sahib (2) Assistant Executive Engineer.Commercial Operation Sub Division, Punjab State Power Corporation Limited Mandi Gobindgarh Tehsil Amloh Distt. Fatehgarh Sahib

V/s

(1) Bhave Gupta S/o Sudesh Kumar Proprietor of M/s Bhagwati Steel Tubes, Village Jandali Tehsil and Distt. Fatehgarh Sahib (2) M/s Bhagwati Steel Tubes, Village Jandali Tehsil and Distt. Fatehgarh Sahib through Its Proprietor Bhave Gupta S/o Sudesh Kumar Application U/o 21 Rule 66 Notice through Publication.

Publication issued to

(1) Bhave Gupta S/o Sudesh Kumar Properietor of M/s Bhagwati Steel Tubes, Village Jandali and Distt. Fatehgarh Sahib (2) M/s Bhagwati Steel Tubes, Vill. Jandali Tehsil and Distt. Fatehgarh Sahib through its Proprietor Bhave Gupta S/o Sudesh Kumar.

In above titled case, the accused could not be served. It is ordered that defendant/Judgement Debtor(s) should appear in person or through counsel on 21-08-2023 at 10.00 A.M.

For details Logon to https://highcourtchd.gov.in/?trs=district_notice&district=Fatehgarh Sahib

Additional Civil Judge (Sr. Div.) Amloh (P)

### Court Notice

(U/o 5 Rule 20 CPC)
In the Court of
**Ms. Rajni Chhokra,**
Principal Judge Family Court, Tarn Taran
Next Date, Purpose of Case, Ordered and Judgments as Well as Other case information is available on http://districts.ecourts.gov.in.
Sandeep Singh vs. Palak
CNR No. PBTT 01-005985-2022
CIS No.-HMA-339-2022 Next Date : 28-08-2023
Publication Issued to : Palak
Spouse : Sandeep Singh
C/o Veena
R/o Kazi Mohalla, Gali No. 2, Near Bhathe, Jalandhar

In above titled case, the defendant(s)/respondent(s) could not be served. It is Ordered that defendant(s)/ respondent(s) should appear in person or through counsel on 28-08-2023 at 10.00 a.m.

For details logon to https://highcourtchd.gov.in/?trs=district_notice&district=Tarn Taran

Principal Judge Family Court, Tarn Taran

Dated, this day of 24-07-2023

### Court Notice

In the Court of
**Sh. Palwinder Singh**
Judicial Magistrate-1st Class-5, Patiala.
CNR No. PBPT 03-003413-2021
Next Date : 20-09-2023
Tata Capital Finance Services Ltd. Vs. Amit Chawla
Publication Issued to ;
Amit Chawla
Flat No. A/203, 2nd Floor, Sector 35, District Karnal, Haryana.

In above titled case, the accused could not be served. It is Ordered that accused should appear in person or through counsel on 20-09-2023 at 10.00 a.m.

For details logon to https://highcourtchd.gov.in/?trs=district_notice&district=Patiala.

Judicial Magistrate-1st Class-5, Patiala.

Dated, this day of 19-07-2023

### Court Notice

In the Court of
**Sh. Amrinder Pal Singh**
Addl. Distt. and Sessions Judge, Ludhiana
CNR No. PBLD01-031978-2019
Next Date : 20.9.2023
Tej Kaur
Versus
Dhanna Singh
Publication issued to : Baljit Kaur D/o Mehar Singh S/o Naha Singh now W/o Jarnail Singh Vill. Mahdgodpura, Tehsil and Distt. Ludhiana.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 20.9.2023 at 10.00 a.m.

For details logon to https://highcourtchd.gov.in/?trs=district notice&district=Ludhiana

Addl. Distt. and Sessions Judge, Ludhiana

Dated, this day of 18.7.2023

### Court Notice

In the Court of
**Ms. Supreet Kaur-1,**
Civil Judge (Junior Division), Ludhiana.
CNR No. PBLD02-009817-2022
Next Date : 18.9.2023
Punjab National Bank
Versus
M/S Unic Products India

Publication issued to : 1. M/S Unic Products India C-32 Phase-2, Focal Point Ldh. 2. Satish Sharma Proprietor, M/S Unic Products C-32 Phase-2, Focal Point Ldh.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 18.9.2023 at 10.00 a.m.

For details logon to https://highcourtchd.gov.in/?trs=district notice&district=Ludhiana

Civil Judge (Junior Division), Ludhiana.

Dated, this day of 21.7.2023

### Court Notice

(Complaint-138 Negotiable Instrument Act)
In the Court of
**Ms. Lovepreet Kaur Swaich**
Judicial Magistrate-Ist Class, Ludhiana.
COMA/5639/2020
CNR No. PBLD030226532020
Next Date : 2.9.2023
Kotak Mahindra Bank
Versus
Ram Prakash Vashist Etc

Notice No : Accused No.1. Ram Parkash Vashist Authorized Signatory of Shri Ram Edu and Cul Society R/o V.P.O. Fatehpur Billoch, Tehsil Balabgarh, Distt. Faridabad, Haryana

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 2.9.2023 at 10.00 a.m.

For details logon to https://highcourtchd.gov.in/?trs=district notice&district=Ludhiana

Judicial Magistrate-Ist Class, Ludhiana.

Dated, this day of 20.7.2023

# ਕਲਾਸੀਫਾਈਡ ਇਸ਼ਤਿਹਾਰ

### ਆਮ ਸੂਚਨਾ

ਮੈਂ, ਸ਼ਾਂਤੀ ਦੇਵੀ ਪਤਨੀ ਅਰੂੜ ਚੰਦ ਵਾਸੀ ਅੱਡਾ ਝਬਾਲ ਤਹਿਸੀਲ ਤੇ ਜ਼ਿਲ੍ਹਾ ਤਰਨਤਾਰਨ ਮੇਰਾ ਅਧਾਰ ਨੰਬਰ 3068-0974-1975 ਹੈ। ਮੇਰੀ ਐੱਲ.ਆਈ.ਸੀ. , ਬੀਮਾ ਪੋਲਿਸੀ ਨੰਬਰ 472198094 ਚੱਲ ਰਹੀ ਹੈ, ਜਿਸ ਵਿਚ ਮੇਰਾ ਨਾਮ ਹੈ। ਅਧਾਰ ਕਾਰਡ, ਪੈਨ ਕਾਰਡ ਅਤੇ ਬੈਂਕ ਕਾਪੀ ਵਿੱਚ Shanti Devi ਹੈ। ਬੀਮਾ ਪੋਲਿਸੀ ਤੇ SHATI DEVI ਹੀ ਲਿਖਿਆ ਜਾਵੇ। ਇਹ ਦੋਵੇਂ ਨਾਮ ਮੇਰੇ ਹੀ ਹਨ।

ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ ਏਪੀ04-0474 ਐਕਸ ਜੋ ਕਿ ਲੋਡ 10 ਬੀ ਐੱਚ ਪੀ ਹਰਦੇਵ ਸਿੰਘ ਪੁੱਤਰ ਨਰੈਣ ਸਿੰਘ ਪਿੰਡ ਬੁਰਜ ਦੇਵਾ ਸਿੰਘ ਦੇ ਨਾਮ ਤੋਂ ਮਨਜੀਤ ਕੌਰ ਪਤਨੀ ਬਲਵੀਰ ਸਿੰਘ ਵਾਸੀ ਬੂਹ ਹਵੇਲੀਆ ਰਕਬਾ ਬੁਰਜ ਦੇਵਾ ਸਿੰਘ ਤਹਿਸੀਲ ਪੱਟੀ ਜਿਲਾ ਤਰਨਤਾਰਨ ਦੇ ਨਾਮ ਤੇ ਤਬਦੀਲ ਹੋ ਰਿਹਾ ਹੈ। ਜੇਕਰ ਕਿਸੇ ਨੂੰ ਇਤਰਾਜ ਹੋਵੇ ਤਾ ਉਹ 15 ਦਿਨਾਂ ਦੇ ਅੰਦਰ-ਅੰਦਰ ਸਬ ਡਵੀਜਨ ਉਪ ਮੰਡਲ ਅਫਸਰ ਹਰੀਕੇ ਵਿਖੇ ਜਿਤਾ ਸਕਦਾ ਹੈ। ਉਪ ਮੰਡਲ ਅਫਸਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿ: ਸਬ ਡਵੀਜਨ ਹਰੀਕੇ (ਤਰਨਤਾਰਨ)

ਮੈਂ, ਵਿਜੈ ਸਿੰਘ ਪੁੱਤਰ ਕੁਲਦੀਪ ਸਿੰਘ ਨਿਵਾਸੀ L-40/189, ਗਲੀ ਨੰਬਰ 7, ਮਾਹਿਲਪੁਰ, ਐਕਸਟੈਂਸ਼ਨ, ਨਵੀਂ ਦਿੱਲੀ ਸੂਚਿਤ ਕਰਦਾ ਹਾਂ ਕਿ ਮੇਰੇ ਪਲਾਟ ਨੰਬਰ 224 ਮਿਨ ਦੀ ਰਜਿਸਟਰੀ ਤਸਦੀਕ ਮਿਤੀ 29-06-2009, ਪਾਮ ਗ੍ਰੋਵ ਪਿੰਡ ਹੋਰ ਅੰਮ੍ਰਿਤਸਰ ਜਿਸ ਦਾ ਵਸੀਕਾ ਨੰਬਰ 3347, ਜਿਲਦ ਨੰਬਰ 3682, ਸਫ਼ਾ ਨੰਬਰ 6768 ਗੁੰਮ ਹੋ ਗਈ ਹੈ। ਜਿਸ ਦੀ ਰਿਪੋਰਟ ਕਰਾਈਮ ਬਰਾਂਚ ਦਿੱਲੀ ਵਿੱਚ ਦਰਜ ਕਰਵਾ ਦਿੱਤੀ ਹੈ। ਜਿਸ ਦਾ ਐੱਲ ਆਰ ਨੰਬਰ 680180/2023 ਹੈ। (ਕਮਲ ਕਿਸ਼ੋਰ)

ਮੈਂ, ਬਲਵਿੰਦਰ ਕੌਰ ਪਤਨੀ ਜਗਤਾਰ ਸਿੰਘ ਵਾਸੀ ਮਕਾਨ ਨੰਬਰ 78, ਗੁਲਮਾਰਗ ਐਵੀਨਿਊ, ਪਿੰਡ ਤੇ ਡਾਕਖਾਨਾ ਲੱਧੇਵਾਲੀ, ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ, ਮੇਰੇ ਪਰਵਾਰ ਅਤੇ ਮੇਰੇ ਰਿਸ਼ਤੇਦਾਰਾਂ ਦਾ ਮੇਰੇ ਪਤੀ ਜਗਤਾਰ ਸਿੰਘ ਪੁੱਤਰ ਲਸ਼ਕਰ ਸਿੰਘ (ਹੁਣ ਜੇਲ੍ਹ 'ਚ) ਨਾਲ ਕੋਈ ਰਿਸ਼ਤਾ ਜਾਂ ਸੰਬੰਧ ਨਹੀਂ ਰਿਹਾ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਲੜਕਿਆਂ ਦਾ ਉਸ 'ਚ ਅਤੇ ਉਸ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ 'ਚ ਕੋਈ ਸੰਬੰਧ ਨਹੀਂ ਹੋਵੇਗਾ, ਸੰਬੰਧਤ ਨੋਟ ਕਰਨ। (8143)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 38/1218, ਸਾਢੇ ਸੱਤ ਹਾਰਸ ਪਾਵਰ ਜੋ ਕਿ ਸ੍ਰੀ ਜਸਪਾਲ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ ਵਾਸੀ 177, ਕ੍ਰਿਸ਼ਨਾ ਸਕੇਅਰ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਰਕਬਾ ਪਿੰਡ ਕੋਟਲਾ ਸੈਦਾਂ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਚੱਲਦਾ ਹੈ, ਨੂੰ ਸ੍ਰੀ ਭਗਵੰਤਪਾਲ ਸਿੰਘ ਪੁੱਤਰ ਸ੍ਰੀ ਜਗਜੀਤ ਸਿੰਘ ਵਾਸੀ ਪਿੰਡ ਕੱਥੂਨੰਗਲ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਕਰਨ ਦੀ ਅਰਜ਼ੀ ਆਈ ਹੈ। ਇਤਰਾਜ਼ 7 ਦਿਨ ਦੇ ਅੰਦਰ ਉੱਪ ਮੰਡਲ ਦਫਤਰ ਕੱਥੂਨੰਗਲ ਵਿਖੇ ਪੇਸ਼ ਕੀਤਾ ਜਾ ਸਕਦਾ ਹੈ।

### ਬੇਦਖਲੀ ਨੋਟਿਸ

ਮੈਂ, ਗੁਰਮੇਲ ਕੌਰ ਪਤਨੀ ਸਵਰਗੀ ਗੁਰਨੇਕ ਸਿੰਘ ਵਾਸੀ ਵਾਰਡ ਨੰਬਰ 50, ਐੱਸ ਪੀ ਬਸਤੀ ਲੰਢੇਕੇ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਤਨਾਮ ਸਿੰਘ ਅਤੇ ਉਸ ਦੀ ਪਤਨੀ ਸੋਨੀਆ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ, ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਦੋਵਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ। (ਸਿੰਗਲਾ)

ਮੈਂ, ਸੁਲੱਖਣ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਮਕਾਨ ਨ

25-JULY-PAGE-7.qxd 7/24/2023 11:03 PM Page 1



# ਦਿੱਲੀ-ਕਟੜਾ ਐਕਸਪ੍ਰੈਸ ਹਾਈਵੇ ਹੜ੍ਹਾਂ ਲਈ ਤਬਾਹੀ ਦਾ ਕਾਰਨ ਬਣਿਆ

- ਰੋਡ ਸੰਘਰਸ਼ ਕਮੇਟੀ ਵੱਲੋਂ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਨਾਲ ਮੀਟਿੰਗ
- ਘੱਗਰ ਪ੍ਰਭਾਵਤ ਇਲਾਕੇ 'ਚ ਸੜਕ ਨੂੰ ਪਿਲਰਾਂ 'ਤੇ ਬਣਵਾਉਣ ਦੀ ਮੰਗ

ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਬਲਤੇਜ ਪੰਨੂ ਨੂੰ ਮਿਲਦੇ ਹੋਏ ਰੋਡ ਕਿਸਾਨ ਸੰਘਰਸ਼ ਕਮੇਟੀ ਦੇ ਆਗੂ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਭਾਰਤ ਮਾਲਾ ਪਰਿਯੋਜਨਾ ਤਹਿਤ ਕੇਂਦਰ ਸਰਕਾਰ ਵੱਲੋਂ ਬਣਾਈ ਜਾ ਰਹੀ ਦਿੱਲੀ-ਜੰਮੂ-ਕੱਟੜਾ ਐਕਸਪ੍ਰੈਸ ਹਾਈਵੇ ਵੱਲੋਂ ਹਲਕਾ ਸ਼ੁਤਰਾਣਾ ਅੰਦਰ ਘੱਗਰ ਦਰਿਆ ਵਿੱਚ ਆਏ ਹੜ੍ਹਾਂ ਦੌਰਾਨ ਤਬਾਹੀ ਦਾ ਕਾਰਨ ਬਣਨ ਤੇ ਸੜਕ ਦੇ ਨਿਰਮਾਣ ਲਈ ਅਕਵਾਇਰ ਕੀਤੀ ਗਈ ਜ਼ਮੀਨ ਦਾ ਮੁਆਵਜ਼ਾ ਵਧਾਉਣ ਦੀ ਮੰਗ ਨੂੰ ਲੈ ਕੇ ਰੋਡ ਕਿਸਾਨ ਸੰਘਰਸ਼ ਕਮੇਟੀ ਦੇ ਵਫਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਮੀਡੀਆ ਸਲਾਹਕਾਰ ਬਲਤੇਜ ਸਿੰਘ ਪੰਨੂ ਨਾਲ ਮੀਟਿੰਗ ਕੀਤੀ ਗਈ।

ਰੋਡ ਸੰਘਰਸ਼ ਕਿਸਾਨ ਕਮੇਟੀ ਪੰਜਾਬ ਦੇ ਜ਼ਿਲ੍ਹਾ ਪਟਿਆਲਾ ਪ੍ਰਧਾਨ ਜਗਜੀਤ ਗਲੋਲੀ ਵਾਈਸ ਪ੍ਰਧਾਨ ਨਿਰੰਕਾਰ ਸੰਧੂ, ਜ਼ਿਲ੍ਹਾ ਮੋਗਾ ਪ੍ਰਧਾਨ ਗੁਰਦਿਆਲ ਬੁੱਟਰ ਤੇ ਰੋਡ ਕਿਸਾਨ ਕਮੇਟੀ ਮੈਂਬਰ ਰਸ਼ਪਾਲ ਸਿੰਘ ਢੋਟ ਆਦਿ ਨੇ ਮੀਟਿੰਗ ਉਪਰੰਤ ਦੱਸਿਆ ਕਿ ਦਿੱਲੀ-ਕਟੜਾ ਸੜਕ ਨੂੰ ਪਿੱਲਰਾਂ 'ਤੇ ਬਣਵਾਉਣ ਲਈ ਲਗਾਤਾਰ ਪ੍ਰਸ਼ਾਸਨ ਤੇ ਅਧਿਕਾਰੀਆਂ ਨਾਲ ਮੀਟਿੰਗ ਦਰ ਮੀਟਿੰਗ ਕੀਤੀ, ਪਰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸੜਕ ਨੂੰ ਪਿੱਲਰਾਂ 'ਤੇ ਬਣਾਉਣ ਦੀ ਬਜਾਏ ਕੁਝ ਹੋਰ ਪੁਲੀਆਂ ਦੇਣ ਦਾ ਵਾਅਦਾ ਕੀਤਾ ਗਿਆ। ਸੜਕ ਬਣਾਉਣ ਵਾਲੀ ਕੰਪਨੀ ਨੇ ਕੋਈ ਹੋਰ ਪੁਲੀ ਬਣਾਉਣ ਦੀ ਬਜਾਏ ਸੜਕ ਬਣਾਉਣ ਦਾ ਕੰਮ ਜਾਰੀ ਰੱਖਿਆ ਤੇ ਘੱਗਰ ਦਰਿਆ ਦੇ ਇਲਾਕੇ ਵਿੱਚ ਦੋਵੇਂ ਪਾਸੇ ਦਸ ਤੋਂ ਬਾਰਾਂ ਫੁੱਟ ਉੱਚੀ ਮਿੱਟੀ ਪਾ ਦਿੱਤੀ। ਜਦੋਂ ਹੜ੍ਹ ਦੇ ਪਾਣੀ ਦੀ ਰੁਕਾਵਟ (ਡਾਫ) ਲੱਗੀ ਤਾਂ ਦੋਵੇਂ ਪਾਸੇ ਹੜ੍ਹ ਨੇ ਤਬਾਹੀ ਮਚਾਈ ਤੇ ਕਿਸਾਨਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ। ਆਗੂਆਂ ਨੇ ਦੱਸਿਆ ਕਿ ਸੜਕ ਬਣਾਉਣ ਵੇਲੇ ਅਕਵਾਇਰ ਕੀਤੀ ਜ਼ਮੀਨ ਦਾ ਕੇਵਲ 58 ਲੱਖ ਭਾਅ ਦਿੱਤਾ ਗਿਆ, ਜਿਹੜਾ ਬਹੁਤ ਘੱਟ ਹੈ। ਇਸ ਲਈ ਕਿਸਾਨਾਂ ਨੂੰ ਆਰਬੀਟੇਟਰ ਕਮਿਸ਼ਨਰ ਕੋਲ ਮੁਆਵਜ਼ਾ ਵਧਾਉਣ ਲਈ ਕੇਸ ਪਾਉਣੇ ਪਏ ਹਨ। ਰੋਡ ਸੰਘਰਸ਼ ਕਮੇਟੀ ਵੱਲੋਂ ਮੁਆਵਜ਼ਾ ਵਧਾਉਣ ਤੇ ਸੜਕ ਨੂੰ ਦੋਵੇਂ ਪਾਸੇ ਪਿੱਲਰਾਂ 'ਤੇ ਬਣਵਾਉਣ ਦੀ ਮੰਗ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਨੇ ਵਫਦ ਦੀ ਗੱਲਬਾਤ ਨੂੰ ਬੜੀ ਗੌਰ ਨਾਲ ਸੁਣਿਆ ਤੇ ਦੋਵੇਂ ਮਸਲਿਆਂ ਨੂੰ ਮੁੱਖ ਮੰਤਰੀ ਕੋਲ ਰੱਖਣ ਦਾ ਵਾਅਦਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸਾਹਿਬ ਨੂੰ ਹੜ੍ਹ ਸਬੰਧੀ ਜਾਣਕਾਰੀ ਦਿੱਤੀ ਜਾ ਚੁੱਕੀ ਹੈ ਤੇ ਉਹ ਸੜਕ ਦੁਆਰਾ ਕੀਤੇ ਨੁਕਸਾਨ ਲਈ ਵੀ ਗੰਭੀਰ ਹਨ।

# ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ

**ਕੋਟ ਈਸੇ ਖਾਂ (ਅਰੋੜਾ)**-ਸਮਾਜ ਸੇਵੀ ਸੰਸਥਾ ਭਾਰਤ ਵਿਕਾਸ ਪ੍ਰੀਸ਼ਦ ਕੋਟ ਈਸੇ ਖਾਂ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ ਗੁਰਦੁਆਰਾ ਭਾਈ ਲਾਲੋ ਜੀ ਵਿਸ਼ਵਕਰਮਾ ਧਰਮਸ਼ਾਲਾ ਅੰਮ੍ਰਿਤਸਰ ਰੋਡ ਕੋਟ ਇਸੇ ਖਾਂ ਵਿਖੇ ਲਾਇਆ ਗਿਆ। ਕੈਂਪ ਦੌਰਾਨ ਮੁੱਖ ਮਹਿਮਾਨ ਮਨਦੀਪ ਮਾਲੜਾ ਚੇਅਰਮੈਨ ਕੈਂਬ੍ਰਿਜ ਕਾਨਵੈਂਟ ਪਬਲਿਕ ਸਕੂਲ, ਵੀ ਪੀ ਸਿੰਘ ਤੇ ਜਸਪ੍ਰੀਤ ਸਿੰਘ ਆਦਿ ਹਾਜ਼ਰ ਸਨ, ਜਿਨ੍ਹਾਂ ਵੱਲੋਂ ਰੀਬਨ ਕੱਟਣ ਦੀ ਰਸਮ ਨਿਭਾਈ ਗਈ। ਇਸ ਮੌਕੇ ਦੌਰਾਨ ਡਾਕਟਰ ਮਨਿੰਦਰ ਬਾਵਾ, ਕੇਵਲ ਕੁਮਾਰ, ਪ੍ਰਿੰਸ ਸ਼ਰਮਾ ਫਾਰਮੇਸੀ ਅਫਸਰ ਤੇ ਸਿਵਲ ਹਸਪਤਾਲ ਦੀ ਟੀਮ ਵੱਲੋਂ 150 ਮਰੀਜ਼ਾਂ ਦੀ ਜਾਂਚ ਕੀਤੀ ਗਈ, ਜਿਸ ਵਿੱਚ ਜ਼ਰੂਰਤਮੰਦ ਮਰੀਜ਼ਾਂ ਨੂੰ ਵੀ ਦਵਾਈਆਂ ਦਿੱਤੀਆਂ ਗਈਆਂ ਤੇ 10 ਮਰੀਜ਼ਾਂ ਦੇ ਅਪ੍ਰੇਸ਼ਨ ਲਈ ਚੋਣ ਕੀਤੀ ਗਈ। ਕੈਂਪ ਵਿੱਚ ਡਾਕਟਰ ਰਾਜੇਸ਼ਪੁਰੀ, ਸੁਨੀਲ ਕੁਮਾਰ ਜੈਨ ਰੀਜ਼ਨ ਸੈਕਟਰੀ, ਮਨੋਜ ਮੋਂਗਾ ਜਰਨਲ ਸੈਕਟਰੀ, ਸਤਿੰਦਰ ਸੱਚਦੇਵਾ ਸਟੇਟ ਓਪ ਚੇਅਰਮੈਨ ਭਾਰਤ ਵਿਕਾਸ ਪ੍ਰੀਸ਼ਦ, ਅਮਰਜੀਤ ਸ਼ਰਮਾ, ਸੁਖਵਿੰਦਰ ਸ਼ਰਮਾ ਐਡਵੋਕੇਟ, ਅਸ਼ੋਕ ਕੁਮਾਰ ਸੈਕਟਰੀ, ਵਤਨ ਕੁਮਾਰ, ਸ਼ਾਮ ਗਰੋਵਰ, ਜਸਵੰਤ ਸਿੰਘ, ਅਕਾਸ਼ ਦੀਪ ਸ਼ਰਮਾ, ਐੱਸ ਪੀ ਸ਼ਰਮਾ, ਸੁਸ਼ਮਾ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

# ਸੂਬੇ 'ਚ ਅਮਨ-ਕਾਨੂੰਨ ਤੇ ਨਸ਼ਿਆਂ ਦੀ ਸਥਿਤੀ ਬਦ ਤੋਂ ਬਦਤਰ : ਖਹਿਰਾ

**ਝੋਟੇ ਦੀ ਬਿਨਾਂ ਸ਼ਰਤ ਰਿਹਾਈ ਤੇ ਨਸ਼ਾ ਸਮਗਲਰਾਂ ਖਿਲਾਫ ਮਾਨ ਸਰਕਾਰ ਤੇ ਪ੍ਰਸ਼ਾਸਨ ਸਖਤ ਕਾਰਵਾਈ ਕਰੇ**

**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾ ਤੇ ਵਿਧਾਨ ਸਭਾ ਹਲਕਾ ਭੁਲਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸਥਾਨਕ ਬਾਲ ਭਵਨ ਵਿਖੇ ਚੱਲ ਰਹੇ ਨਸ਼ਾ ਵਿਰੋਧੀ ਅੰਦੋਲਨ ਵਿੱਚ ਧਰਨੇ ਵਾਲੀ ਜਗ੍ਹਾ 'ਤੇ ਪਹੁੰਚ ਕੇ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਸਾਬਕਾ ਫੌਜੀ ਭੀਮ ਸਿੰਘ ਤੇ ਮੋਰਚੇ ਦੇ ਆਗੂਆਂ ਨਾਲ ਮੁਲਾਕਾਤ ਕੀਤੀ। ਇਸ ਸਮੇਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਖਹਿਰਾ ਨੇ ਜਿੱਥੇ ਝੋਟੇ ਦੇ ਪਿਤਾ ਨੂੰ ਹੌਸਲਾ ਦਿੱਤਾ, ਓਥੇ ਨਾਲ ਹੀ ਮੋਰਚੇ ਦੇ ਸੰਚਾਲਕਾਂ ਨੂੰ ਵੀ ਵਿਸ਼ਵਾਸ ਦਿਵਾਇਆ ਕਿ ਜਵਾਨੀ ਨੂੰ ਬਚਾਉਣ ਲਈ ਵਿੱਢੇ ਇਸ ਸ਼ੁੱਭ ਕਾਰਜ ਵਿੱਚ ਉਹ ਹਰ ਸਮੇਂ ਤੁਹਾਡੇ ਨਾਲ ਖੜੇ ਹਨ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾ ਕਿਹਾ ਕਿ ਮਾਨ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ ਤੇ ਕਿਸੇ ਵੀ ਮੁੱਦੇ 'ਤੇ ਐਲਾਨ ਕਰਕੇ ਯੂ ਟਰਨ ਲੈਣਾ ਆਮ ਵਾਂਗ ਹੋ ਕੇ ਰਹਿ ਗਿਆ ਹੈ। ਜਦੋਂ ਉਨ੍ਹਾ ਤੋਂ ਵਿਧਾਇਕਾ ਮਾਨੂਕੇ ਤੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂ ਚੱਕ ਅਤੇ ਹੋਰ ਵਿਧਾਇਕਾਂ 'ਤੇ ਲੱਗੇ ਕਥਿਤ ਦੋਸ਼ਾਂ ਸਬੰਧੀ ਪੁੱਛਿਆ ਗਿਆ ਤਾਂ ਉਨ੍ਹਾ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਕੱਟੜ ਇਮਾਨਦਾਰ ਸਰਕਾਰ ਦੇ ਹੁੰਦਿਆਂ ਵੀ ਇਹ ਮਾਮਲੇ ਜਿਉਂ ਦੀ ਤਿਉਂ ਲਟਕ ਰਹੇ ਹਨ ਤੇ ਜਾਪਦਾ ਹੈ ਨੈਤਿਕਤਾ ਕਿੱਧਰੇ ਉੱਡ ਪੁੱਡ ਚੁੱਕੀ ਹੈ। ਖਹਿਰਾ ਨੇ ਕਿਹਾ ਕਿ ਕਿਸੇ ਵੀ ਮੰਤਰੀ ਜਾਂ ਵਿਧਾਇਕ ਵਿਰੁੱਧ ਕੋਈ ਢੁੱਕਵੀਂ ਕਾਰਵਾਈ ਨਹੀਂ ਕੀਤੀ ਗਈ। ਸੂਬੇ ਵਿੱਚ ਅਮਨ ਕਨੂੰਨ ਦੀ ਸਥਿਤੀ ਬਦ ਤੋਂ ਬਦਤਰ ਤੇ ਨਸ਼ਿਆਂ ਦਾ ਦਰਿਆ ਆਪਣੀ ਚਰਮ ਸੀਮਾ 'ਤੇ ਵਗ ਰਿਹਾ ਹੈ। ਇਹੀ ਕਾਰਨ ਹੈ ਕਿ ਅੱਜ ਲੋਕਾਂ ਨੂੰ ਸਰਕਾਰ ਤੋਂ ਉਮੀਦਾਂ ਛੱਡ ਕੇ ਇਨ੍ਹਾਂ ਅਲਾਮਤਾਂ ਵਿਰੁੱਧ ਆਪਣੇ ਪੱਧਰ 'ਤੇ ਹੀ ਲਾਮਬੰਦੀ ਕਰਨੀ ਪੈ ਰਹੀ ਹੈ।

ਮੋਦੀ ਸਰਕਾਰ ਵੱਲੋਂ ਪ੍ਰਸਤਾਵਿਤ ਆਰਡੀਨੈਂਸ ਬਾਰੇ ਬੋਲਦਿਆਂ ਖਹਿਰਾ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਫਾਸ਼ੀਵਾਦੀ ਪਹੁੰਚ, ਘੱਟ ਗਿਣਤੀਆਂ ਪ੍ਰਤੀ ਰਵੱਈਏ ਤੇ ਸੰਵਿਧਾਨ ਨੂੰ ਬਚਾਉਣ ਲਈ ਵਿਰੋਧੀ ਧਿਰਾਂ ਦੀ ਏਕਤਾ ਸਮੇਂ ਦੀ ਅਤਿ ਅਹਿਮ ਜ਼ਰੂਰਤ ਬਣ ਚੁੱਕੀ ਹੈ। ਖਹਿਰਾ ਨੇ ਸੂਬਾ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਮਾਨਸਾ ਨੂੰ ਅਪੀਲ ਕੀਤੀ ਕਿ ਅੰਦੋਲਨਕਾਰੀਆਂ ਦੀਆਂ ਮੰਗਾਂ ਨੂੰ ਤੁਰੰਤ ਪ੍ਰਵਾਨ ਕਰਕੇ ਸੂਬੇ ਅੰਦਰ ਸ਼ਾਂਤਮਈ ਮਾਹੌਲ ਬਣਾਇਆ ਜਾਵੇ ਤਾਂ ਕਿ ਇਥੋਂ ਦੀ ਜਵਾਨੀ ਨੂੰ ਸਹੀ ਰਸਤੇ ਵਲ ਸੇਧਿਤ ਕੀਤਾ ਜਾ ਸਕੇ। ਇਸ ਸਮੇਂ ਉਨ੍ਹਾਂ ਨਾਲ ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਸਾਬਕਾ ਵਿਧਾਇਕ ਜਗਦੇਵ ਸਿੰਘ ਕਮਾਲੂ, ਨਸ਼ਾ ਵਿਰੋਧੀ ਅੰਦੋਲਨ ਦੇ ਰਾਜਵਿੰਦਰ ਸਿੰਘ ਰਾਣਾ, ਜਸਵੀਰ ਕੌਰ ਨੱਤ ਤੋਂ ਇਲਾਵਾ ਵੱਡੀ ਗਿਣਤੀ 'ਚ ਐਕਸ਼ਨ ਕਮੇਟੀ ਦੇ ਆਗੂ ਤੇ ਵਰਕਰ ਹਾਜ਼ਰ ਸਨ।

# ਸੁਨੀਲ ਕੁਮਾਰ ਜਾਖੜ ਵੱਲੋਂ ਹੜ੍ਹ ਪ੍ਰਭਾਵਿਤ ਇਲਾਕੇ ਦਾ ਦੌਰਾ

**ਮੂਨਕ (ਰਾਜਪਾਲ ਸਿੰਗਲਾ)**-ਹੜ੍ਹ ਪ੍ਰਭਾਵਿਤ ਇਲਾਕੇ ਅੰਦਰ ਦੌਰਾ ਕਰਨ ਪਹੁੰਚੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੇ ਕਿਹਾ ਕਿ ਇਲਾਕੇ ਅੰਦਰ ਪਾਣੀ ਝੀਲ ਬਣਿਆ ਖੜਾ ਹੈ, ਕਦੋਂ ਇਸ ਦੀ ਗਿਰਦਾਵਰੀ ਹੋਵੇਗੀ, ਕਦੋਂ ਪੀੜਤ ਲੋਕਾਂ ਨੂੰ ਮੁਆਵਜ਼ਾ ਮਿਲੇਗਾ, ਇਸ ਤੋਂ ਹੀ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਦਾ ਪਤਾ ਲਗਾਇਆ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਨਹੀਂ, ਕਿਸਾਨਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ, ਘਰ ਨੁਕਸਾਨੇ ਗਏ ਹਨ, ਕੁੱਝ ਵਿਅਕਤੀ ਹੜ੍ਹਾਂ ਦੀ ਭੇਟ ਚੜ੍ਹ ਗਏ ਹਨ, ਉਨ੍ਹਾਂ ਦੀ ਮਦਦ ਲਈ ਪੰਜਾਬ ਸਰਕਾਰ ਬਿਨਾਂ ਕਿਸੇ ਦੇਰੀ ਉਨ੍ਹਾਂ ਦੇ ਖਾਤੇ ਵਿੱਚ ਪੈਸੇ ਪਾਵੇ। ਉਨ੍ਹਾ ਕਿਹਾ ਕਿ ਇਸ ਇਲਾਕੇ ਦੀ 48 ਹਜ਼ਾਰ ਏਕੜ ਫਸਲ ਮਰ ਚੁੱਕੀ ਹੈ, ਸਗੋਂ ਅਗਲੀ ਫਸਲ ਹੋਣ ਦੀ ਵੀ ਆਸ ਨਹੀਂ। ਉਨ੍ਹਾ ਪੰਜਾਬ ਦੇ ਮੁੱਖ ਮੰਤਰੀ ਨੂੰ ਅਪੀਲ ਕਰਦੇ ਕਿਹਾ ਕਿ ਇਹ ਔਖੀ ਘੜੀ ਫੋਟੋ ਖਿਚਾਉਣ ਲਈ ਨਹੀਂ, ਸਗੋਂ ਲੋਕਾਂ ਦੀ ਬਾਂਹ ਫੜਨ ਦੀ ਹੈ। ਜੇਕਰ ਮੁੱਖ ਮੰਤਰੀ ਨੂੰ ਕੇਂਦਰ ਤੋਂ ਮਦਦ ਦੀ ਲੋੜ ਨਹੀਂ, ਪਰ ਪੰਜਾਬ ਨੂੰ ਤਾਂ ਮਦਦ ਦੀ ਲੋੜ ਹੈ। ਜੋ ਕੇਂਦਰ ਸਰਕਾਰ ਨੇ 218 ਕਰੋੜ ਰੁਪਏ ਹੜ੍ਹ ਪੀੜਤ ਲੋਕਾਂ ਦੀ ਸਹਾਇਤਾ ਲਈ ਭੇਜੇ ਹਨ, ਇਸ ਦਾ ਇਸਤੇਮਾਲ ਇਸ਼ਤਿਹਾਰਾਂ 'ਤੇ ਨਾ ਕਰਕੇ ਸਹੀ ਇਸਤੇਮਾਲ ਕਰੋ, ਜਨਤਾ ਇਸ ਦਾ ਹਿਸਾਬ ਲਵੇਗੀ। ਇਸ ਮੌਕੇ ਇਨ੍ਹਾਂ ਦੇ ਨਾਲ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਮੰਤਰੀ ਬਲਵੀਰ ਸਿੰਘ ਸਿੱਧੂ, ਅਰਵਿੰਦ ਖੰਨਾ, ਦਮਨ ਥਿੰਦ ਬਾਜਵਾ, ਭਾਜਪਾ ਜ਼ਿਲ੍ਹਾ ਪ੍ਰਧਾਨ ਰਿਸ਼ੀਪਾਲ ਖਹਿਰਾ ਤੇ ਗੁਰਦੀਪ ਸਿੰਘ ਮਕੋਰੜ ਮੌਜੂਦ ਸਨ।

# ਸੀਵਰੇਜ ਪ੍ਰੋਜੈਕਟ ਦਾ ਕੰਮ ਠੱਪ ਹੋਣ ਕਾਰਨ ਲੋਕ ਪ੍ਰੇਸ਼ਾਨ

ਸ਼ਹਿਰ ਦੇ ਮੁੱਖ ਚੌਕ 'ਚ ਹੋਈ ਲਈ ਪੁੱਟਿਆ ਡੂੰਘਾ ਖੱਡਾ, ਜੋ ਲੋਕਾਂ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਰਿਹਾ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਅਨਾਜ ਮੰਡੀ ਸੀਵਰੇਜ ਪ੍ਰੋਜੈਕਟ ਦੇ ਠੇਕੇਦਾਰ ਦੀਆਂ ਗਲਤੀਆਂ ਦਾ ਖੁਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਕਰੋੜਾਂ ਰੁਪਏ ਦੀ ਲਾਗਤ ਨਾਲ ਦਾਣਾ ਮੰਡੀ ਦਾ ਸੀਵਰੇਜ ਪ੍ਰੋਜੈਕਟ ਸਰਕਾਰ ਨੇ ਬੜੇ ਜੋਸ਼ੋ-ਖਰੋਸ਼ ਨਾਲ ਸ਼ੁਰੂ ਕਰਵਾਇਆ, ਪਰ ਜਦੋਂ ਮੰਡੀ ਤੋਂ ਲੈ ਕੇ ਰਾਹੋਂ ਰੋਡ ਤੱਕ ਪਾਈਪ ਪਾਉਣ ਦਾ ਕੰਮ ਮੁਕੰਮਲ ਹੋ ਗਿਆ ਤਾਂ ਲੈਵਲ ਗਲਤ ਹੋਣ ਦੀ ਨਾਕਾਮੀ ਸਾਹਮਣੇ ਆਈ।

ਮੰਡੀ ਤੋਂ ਲੈ ਕੇ ਰਾਹੋਂ ਰੋਡ ਤੱਕ ਕਰੀਬ 1.50 ਕਿਲੋਮੀਟਰ ਲੰਬੀ ਸੜਕ 'ਤੇ ਬੈਠੇ ਦੁਕਾਨਦਾਰ ਤੇ ਇੱਥੋਂ ਲੰਘਦੇ ਹਜ਼ਾਰਾਂ ਵਾਹਨ ਸੀਵਰੇਜ ਕਾਰਨ ਪੁੱਟੀ ਸੜਕ, ਡੂੰਘੇ ਖੱਡੇ ਤੇ ਮੀਂਹ ਕਾਰਨ ਬਣੇ ਚਿੱਕੜ ਤੋਂ ਅੱਤਾਂ ਦੇ ਪ੍ਰੇਸ਼ਾਨ ਸਨ ਕਿ ਠੇਕੇਦਾਰ ਨੇ ਮੁੜ ਇਸ ਦੀ ਪੁਟਾਈ ਸ਼ੁਰੂ ਕਰ ਦਿੱਤੀ। ਠੇਕੇਦਾਰ ਵੱਲੋਂ ਲੈਵਲ ਦੀ ਗਲਤੀ ਸੁਧਾਰਨ ਲਈ ਮੁੜ ਪਾਈਪਾਂ ਮਸ਼ੀਨਾਂ ਨਾਲ ਪੁੱਟ ਕੇ ਸਹੀ ਕਰਕੇ ਪਾਈਆਂ ਗਈਆਂ ਤੇ ਜਦੋਂ ਹੁਣ ਇਹ ਕੰਮ ਮੁਕੰਮਲ ਹੋਇਆ ਤਾਂ ਖਾਲਸਾ ਚੌਕ ਨੇੜੇ ਗੰਦੇ ਪਾਣੀ ਦੀ ਨਿਕਾਸੀ ਲਈ ਬਣਾਈ ਹੋਈ ਵਿੱਚ ਨਗਰ ਕੌਂਸਲ ਦਾ ਸ਼ੁੱਧ ਪਾਣੀ ਦੀ ਸਪਲਾਈ ਵਾਲਾ ਪਾਈਪ ਅੜਿੱਕਾ ਆ ਬਣਿਆ। ਨਗਰ ਕੌਂਸਲ ਵੱਲੋਂ ਸੀਵਰੇਜ ਠੇਕੇਦਾਰ ਦਾ ਕੰਮ ਰੁਕਵਾ ਦਿੱਤਾ ਗਿਆ ਕਿ ਲੋਕਾਂ ਨੂੰ ਸਪਲਾਈ ਕੀਤਾ ਜਾਂਦਾ ਸ਼ੁੱਧ ਪਾਣੀ ਵਾਲੀ ਪਾਈਪ ਨੂੰ ਗੰਦੇ ਪਾਣੀ ਦੀ ਨਿਕਾਸੀ ਵਾਲੀ ਹੌਦੀ 'ਚੋਂ ਨਹੀਂ ਲੰਘਾਇਆ ਜਾ ਸਕਦਾ। ਇਸ ਅੜਿੱਕੇ ਕਾਰਨ ਪਿਛਲੇ ਕਈ ਦਿਨਾਂ ਤੋਂ ਕੰਮ ਫਿਰ ਠੱਪ ਪਿਆ ਹੈ ਤੇ ਸੀਵਰੇਜ ਕਾਰਨ ਧਸੀ ਸੜਕ, ਉੱਡਦੀ ਧੂੜ ਲੋਕਾਂ ਲਈ ਅੱਤਾਂ ਦੀ ਪ੍ਰੇਸ਼ਾਨੀ ਦਾ ਕਾਰਨ ਬਣੀ ਹੋਈ ਹੈ। ਦੂਸਰੇ ਪਾਸੇ ਮਾਛੀਵਾੜਾ ਦਾਣਾ ਮੰਡੀ ਦੇ ਅੰਦਰੂਨੀ ਹਿੱਸੇ ਵਿੱਚ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਮੀਂਹ ਤੇ ਆੜ੍ਹਤ ਦੀਆਂ ਦੁਕਾਨਾਂ ਦਾ ਪਾਣੀ ਛੱਪੜ ਦਾ ਰੂਪ ਧਾਰਨ ਕਰ ਗਿਆ, ਜਿੱਥੇ ਮਜ਼ਦੂਰਾਂ, ਆੜ੍ਹਤੀਆਂ ਤੇ ਕਿਸਾਨਾਂ ਨੂੰ ਬੀਮਾਰੀਆਂ ਦਾ ਸੱਦਾ ਦੇ ਰਿਹਾ ਹੈ। ਮੰਡੀ ਬੋਰਡ ਤੇ ਠੇਕੇਦਾਰ ਵੱਲੋਂ ਸੀਵਰੇਜ ਪਾਈਪਾਂ ਵਿਛਾਉਣ ਤੋਂ ਪਹਿਲਾਂ ਜੇਕਰ ਇਸ ਦਾ ਲੈਵਲ ਤੇ ਜ਼ਮੀਨ ਵਿੱਚ ਪਹਿਲਾਂ ਪਈਆਂ ਹੋਰ ਪਾਈਪਾਂ ਦਾ ਸਰਵੇ ਕਰ ਲਿਆ ਹੁੰਦਾ ਤਾਂ ਅੱਜ ਲੋਕਾਂ ਨੂੰ ਇਹ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪੈਂਦਾ। ]

ਦੂਜੇ ਪਾਸੇ ਇਸ ਸਬੰਧੀ ਸੀਵਰੇਜ ਪ੍ਰੋਜੈਕਟ ਦੇ ਠੇਕੇਦਾਰ ਵਿਨੋਦ ਬਾਂਸਲ ਨੇ ਦੱਸਿਆ ਕਿ ਪਹਿਲਾਂ ਲੈਵਲ ਗਲਤ ਹੋਣ ਕਾਰਨ ਪਾਈਪਾਂ ਦੁਬਾਰਾ ਪਾਈਆਂ ਗਈਆਂ ਤੇ ਹੁਣ ਜਦੋਂ ਹੌਦੀ ਬਣਾਈ ਜਾ ਰਹੀ ਸੀ ਤਾਂ ਨਗਰ ਕੌਂਸਲ ਦੀ ਪਾਣੀ ਵਾਲੀ ਪਾਈਪ ਨੇ ਅੜਿੱਕਾ ਲਗਾ 

25-July-PAGE-8.qxd 7/24/2023 10:53 PM Page 1



# ਪੰਜਾਬ ਇਸਤਰੀ ਸਭਾ ਨੇ ਮਨੀਪੁਰ ਸਰਕਾਰ ਤੇ ਮੋਦੀ ਦੀ ਕੇਂਦਰ ਸਰਕਾਰ ਦਾ ਫੂਕਿਆ ਪੁਤਲਾ

**ਮਹਿਤਪੁਰ (ਰਾਜਾ)** ਅੱਜ ਇੱਥੇ ਨੇੜਲੇ ਪਿੰਡ ਆਦਰਾਮਾਨ ਵਿਖੇ ਮਨੀਪੁਰ ਵਿੱਚ ਔਰਤਾਂ ਨੂੰ ਨਿਰਵਸਤਰ ਕਰਕੇ ਘੁਮਾਉਣ, ਛੇੜਛਾੜ ਅਤੇ ਬਲਾਤਕਾਰ ਕਰਨ ਵਾਲੇ ਗੁੰਡਿਆਂ 'ਤੇ ਕਾਰਵਾਈ ਨਾ ਕਰਨ ਵਿਰੁੱਧ ਪੰਜਾਬ ਇਸਤਰੀ ਸਭਾ ਵੱਲੋਂ ਮਨੀਪੁਰ ਸਰਕਾਰ ਅਤੇ ਮੋਦੀ ਦੀ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਇਸਤਰੀ ਸਭਾ ਦੀਆਂ ਆਗੂਆਂ ਲਵਲੀ ਅਰੋੜਾ, ਕਮਲਪ੍ਰੀਤ ਕੌਰ ਤੇ ਰੁਪਿੰਦਰ ਕੌਰ ਧੰਜੂ ਨੇ ਕਿਹਾ ਕਿ ਮਨੀਪੁਰ ਵਿੱਚ ਲਗਭਗ ਤਿੰਨ ਮਹੀਨਿਆਂ ਚੱਲ ਰਹੀ ਹਿੰਸਾ ਵਿੱਚ ਔਰਤਾਂ 'ਤੇ ਹੋ ਰਹੇ ਘੋਰ ਅੱਤਿਆਚਾਰ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਔਰਤਾਂ ਨੂੰ ਨਿਰਵਸਤਰ ਕਰਕੇ ਘਮਾਉਣਾ, ਛੇੜਛਾੜ ਅਤੇ ਬਲਾਤਕਾਰ ਕਰਨ ਦੀਆ ਵੀਡੀਓ ਵਾਇਰਲ ਹੋ ਰਹੀਆਂ ਹਨ ਜੋ ਕਿ ਲੋਕਤੰਤਰ ਦੇ ਮੂੰਹ 'ਤੇ ਤਮਾਚਾ ਹੈ। ਜੋ ਵੀਡਿਓ ਆ ਰਹੀਆਂ ਹਨ ਉਹਨਾਂ ਵਿੱਚ ਸਰੇਆਮ ਪੁਲਸ ਖੜ੍ਹੀ ਹੋ ਕੇ ਤਮਾਸ਼ਾ ਦੇਖ ਰਹੀ ਹੈ ਤੇ ਮੈਤੇਈ ਕਬੀਲੇ ਦੀ ਭੀੜ ਔਰਤਾਂ ਦੀ ਬੇਹੁਰਮਤੀ ਕਰ ਰਹੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕੁੱਕੀ ਕਬੀਲੇ ਦੀਆ ਔਰਤਾਂ ਨੂੰ ਪੁਲਸ ਚੁੱਕ ਕੇ ਲਿਆ ਕੇ ਉਨ੍ਹਾਂ ਦੇ ਹਵਾਲੇ ਕਰ ਦਿੰਦੀ ਹੈ ਜੋ ਬਹੁਤ ਹੀ ਸ਼ਰਮ ਦੀ ਗੱਲ ਹੈ। ਇਹ ਘਟਨਾ 4 ਮਈ ਨੂੰ ਹੋਈ ਸੀ ਤੇ 19 ਜੁਲਾਈ ਨੂੰ ਵੀਡੀਓ ਵਾਇਰਲ ਹੋਈ ਸੀ। ਮਨੀਪੁਰ ਦੀ ਸਰਕਾਰ ਸ਼ਰਮਿੰਦਗੀ ਮਹਿਸੂਸ ਕਰਨ ਦੀ ਥਾਂ ਇਹ ਕਹਿ ਰਹੀ ਹੈ ਕਿ ਇਹੋ ਜਿਹੀਆਂ ਘਟਨਾਵਾਂ ਸੈਂਕੜੇ ਹੁੰਦੀਆਂ ਹਨ। ਪ੍ਰਧਾਨ ਮੰਤਰੀ ਮੋਦੀ ਜੋ ਲਗਾਤਾਰ ਰਾਜਸਥਾਨ ਅਤੇ ਛੱਤੀਸਗੜ੍ਹ ਨਾਲ ਜੋੜ ਕੇ ਮਨੀਪੁਰ ਦੀ ਘਟਨਾ ਨੂੰ ਘਟਾ ਕੇ ਪੇਸ਼ ਕਰਨ ਦੀਆ ਕੋਸ਼ਿਸ਼ਾਂ ਕਰ ਰਹੇ ਹਨ, ਜਿਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਜਸਵਿੰਦਰ ਕੌਰ, ਸੁਰਜੀਤ ਸਿੰਘ, ਵੀਰੋ, ਜਸਵੀਰ ਕੌਰ, ਸੀਮਾ ਅਮਨਦੀਪ ਕੌਰ, ਕੁਸਮ ਅਰੋੜਾ, ਸਰਬਜੀਤ ਕੌਰ, ਅਨੀਤਾ ਰਾਣੀ, ਤੇ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਸੰਦੀਪ ਅਰੋੜਾ ਵੀ ਹਾਜ਼ਰ ਸਨ।

# ਮਨੀਪੁਰ 'ਚ ਫਿਰਕੂ ਘੱਟ-ਗਿਣਤੀ ਔਰਤਾਂ 'ਤੇ ਢਾਹੇ ਘਿਨਾਉਣੇ ਜੁਰਮਾਂ ਲਈ ਮੋਦੀ-ਸ਼ਾਹ ਸਰਕਾਰ ਜ਼ਿੰਮੇਵਾਰ : ਪਾਸਲਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਜ਼ਿਲ੍ਹਾ ਸ਼. ਭ. ਸ. ਨਗਰ ਦੀ ਜਨਰਲ ਬਾਡੀ ਮੀਟਿੰਗ ਕਾਮਰੇਡ ਰੇਵਲ ਸਿੰਘ ਜਾਫਰਪੁਰ ਦੀ ਪ੍ਰਧਾਨਗੀ ਹੇਠ ਮਲਕੀਤ ਚੰਦ ਮੋਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਨ ਲਈ ਉਚੇਚੇ ਤੌਰ 'ਤੇ ਪੁੱਜੇ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਫਿਰਕੂ-ਫਾਸ਼ੀਵਾਦੀ ਸ਼ਕਤੀਆਂ ਦੀਆਂ ਵੰਡਵਾਦੀ ਸਾਜ਼ਿਸ਼ਾਂ ਨੂੰ ਸਿਰੇ ਚੜ੍ਹਾਉਣ ਅਤੇ ਬੇਰਹਿਮ ਕਾਰਪੋਰੇਟੀ ਲੁੱਟ ਹੋਰ ਤਿੱਖੀ ਕਰਨ ਲਈ ਯਤਨਸ਼ੀਲ ਮੋਦੀ-ਸ਼ਾਹ ਸਰਕਾਰ ਵਿਰੁੱਧ ਦੇਸ਼ ਪੱਧਰ 'ਤੇ ਪ੍ਰਚੰਡ ਜਨ ਸੰਘਰਸ਼ ਵਿੱਢਣ ਅਤੇ 2024 ਦੀਆਂ ਲੋਕ ਸਭਾ ਚੋਣਾਂ 'ਚ ਲੋਕ ਮਾਰੂ ਅਤੇ ਦੇਸ਼ ਵਿਰੋਧੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਖੱਬੀਆਂ, ਜਮਹੂਰੀ ਅਤੇ ਧਰਮਨਿਰਪੱਖ ਤਾਕਤਾਂ ਨੂੰ ਇਕੱਠੇ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਮਨੀਪੁਰ ਵਿੱਚ ਫਿਰਕੂ ਫਾਸ਼ੀਵਾਦੀ ਟੋਲਿਆਂ ਵੱਲੋਂ ਘੱਟ ਗਿਣਤੀ ਔਰਤਾਂ ਨੂੰ ਅਗਵਾ ਕਰਕੇ ਨਿਰਵਸਤਰ ਕਰਨ, ਸਮੂਹਿਕ ਬਲਾਤਕਾਰ ਕਰਕੇ ਕਤਲ ਕਰਨ ਦੇ ਘਿਨਾਉਣੇ ਜੁਰਮਾਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਉਨ੍ਹਾਂ ਮੋਦੀ-ਸ਼ਾਹ ਸਰਕਾਰ ਵੱਲੋਂ ਧਾਰੀ ਚੁੱਪ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਮਨੀਪੁਰ ਸਰਕਾਰ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ।

ਇਨ੍ਹਾਂ ਘਟਨਾਵਾਂ ਦੇ ਰੋਸ ਵਜੋਂ 24-25 ਜੁਲਾਈ ਨੂੰ ਕਾਲੇ ਬਿੱਲੇ ਲਗਾਉਣ ਦਾ ਸੱਦਾ ਦਿੱਤਾ। ਮੀਟਿੰਗ ਦੇ ਫੈਸਲਿਆਂ ਸੰਬੰਧੀ ਜਾਣਕਾਰੀ ਦਿੰਦਿਆਂ ਸੂਬਾ ਕਮੇਟੀ ਮੈਂਬਰ ਕੁਲਦੀਪ ਸਿੰਘ ਦੌੜਕਾ ਨੇ ਦੱਸਿਆ ਕਿ 28 ਜੁਲਾਈ ਨੂੰ ਬਰਨਾਲਾ ਅਤੇ 6 ਅਗਸਤ ਨੂੰ ਜਲੰਧਰ ਵਿਖੇ ਭਰਵੀਆਂ ਕਨਵੈਨਸ਼ਨਾਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਲੋਕਾਈ ਨੂੰ ਕਾਰਪੋਰੇਟ ਪੱਖੀ ਫਿਰਕੂ-ਫਾਸ਼ੀ ਸੱਤਾ ਦੇ ਤਬਾਹਕੁੰਨ ਮਨਸੂਬਿਆਂ ਤੋਂ ਜਾਣੂੰ ਕਰਵਾਉਣ ਲਈ ਪਾਰਟੀ ਦੇ ਦੋ ਜਥੇ ਸਤੰਬਰ ਮਹੀਨੇ ਦੇ ਪਹਿਲੇ ਪੰਦਰਵਾੜੇ ਦੌਰਾਨ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਵਿਸ਼ਾਲ ਜਨ ਸਭਾਵਾਂ ਨੂੰ

ਸੰਬੋਧਨ ਕਰਨਗੇ। ਉਕਤ ਚੇਤਨਾ ਮਾਰਚਾਂ ਰਾਹੀਂ ਮੋਦੀ ਸਰਕਾਰ ਦੀਆਂ ਦੇਸ਼ ਦੇ ਆਮ ਲੋਕਾਂ, ਖਾਸ ਕਰ ਕੇ ਸ਼ਹਿਰੀ ਤੇ ਪੇਂਡੂ ਮਜ਼ਦੂਰਾਂ, ਖੇਤੀ ਕਾਮਿਆਂ ਅਤੇ ਗਰੀਬ ਕਿਸਾਨਾਂ, ਜਿਨ੍ਹਾਂ ਵਿੱਚ ਹਰ ਧਰਮ, ਜਾਤੀ, ਭਾਸ਼ਾ ਅਤੇ ਪਿੱਤੇ ਨਾਲ ਸੰਬੰਧਤ ਸ਼ਾਮਲ ਹਨ, ਨੂੰ ਕੰਗਾਲ ਕਰਕੇ ਅਡਾਨੀ-ਅੰਬਾਨੀ ਜਿਹੇ ਕਾਰਪੋਰੇਟ ਲੋਟੂਆਂ ਅਤੇ ਇਨ੍ਹਾਂ ਦੇ ਵਿਦੇਸ਼ੀ ਜੋਟੀਦਾਰਾਂ ਦੇ ਹਿੱਤ ਪੂਰੇ ਕਰਨ ਵਾਲੀਆਂ ਨੀਤੀਆਂ ਤੋਂ ਵੀ ਲੋਕਾਈ ਨੂੰ ਚੌਕਸ ਕੀਤਾ ਜਾਵੇਗਾ। ਇਸ ਦੇ ਨਾਲ ਹੀ ਲੋਕ ਪੱਖੀ ਨੀਤੀਆਂ 'ਤੇ ਅਧਾਰਤ ਹਕੀਕੀ ਰਾਜਸੀ ਬਦਲ ਦਾ ਖਾਕਾ ਵੀ ਲੋਕਾਂ ਸਾਹਵੇਂ ਰੱਖਿਆ ਜਾਵੇਗਾ। ਬਦਲਾਅ ਦੇ ਨਾਂ 'ਤੇ ਵੋਟਰਾਂ ਨੂੰ ਧੋਖਾ ਦੇ ਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਈ ਭਗਵੰਤ ਮਾਨ ਸਰਕਾਰ ਦੇ ਨਸ਼ਾ ਤਸਕਰਾਂ ਸਮੇਤ ਹਰ ਕਿਸਮ ਦੇ ਮਾਫੀਆ ਗ੍ਰੋਹਾਂ ਦੀ ਪੁਸ਼ਤ ਪਨਾਹੀ ਕਰਨ ਵਾਲੇ ਲੋਕ ਦੋਖੀ ਕਿਰਦਾਰ, ਲੋਕ ਮਾਰੂ ਨੀਤੀਆਂ, ਅਮਨ ਕਾਨੂੰਨ ਦੀ ਚਿੰਤਾਜਨਕ ਸਥਿਤੀ ਅਤੇ ਰੱਦੀ ਪ੍ਰਸ਼ਾਸਨਿਕ ਕਾਰਗੁਜ਼ਾਰੀ ਨੂੰ ਵੀ ਲੋਕਾਂ 'ਚ ਬੇਪਰਦ ਕੀਤਾ ਜਾਵੇਗਾ। ਕਰਜ਼ੇ ਦੇ ਬੋਝ ਥੱਲੇ ਦੱਬੇ ਸੂਬੇ ਦਾ ਧਨ ਪੰਜਾਬ ਤੋਂ ਬਾਹਰਲੇ ਸੂਬਿਆਂ 'ਚ 'ਆਪ' ਦੇ ਪਸਾਰੇ ਲਈ ਲੁਟਾਏ ਜਾਣ ਤੋਂ ਵੀ ਪੰਜਾਬੀਆਂ ਨੂੰ ਜਾਣੂੰ ਕਰਵਾਇਆ ਜਾਵੇਗਾ। ਲੋਕਾਈ ਨੂੰ ਜਾਨਲੇਵਾ ਮਹਿੰਗਾਈ ਤੇ ਬੇਰੁਜ਼ਗਾਰੀ ਖਤਮ ਕਰਨ, ਸਮੁੱਚੀ ਵਸੋਂ ਨੂੰ ਇਕਸਾਰ ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ ਅਤੇ ਪੀਣ ਵਾਲਾ ਸਵੱਛ ਪਾਣੀ ਮੁਫਤ ਦਿੱਤੇ ਜਾਣ, ਸਮਾਜਕ ਸੁਰੱਖਿਆ, ਐਮ ਐਸ ਪੀ ਅਤੇ ਜਨਤਕ ਵੰਡ ਪ੍ਰਣਾਲੀ ਦੀ ਗਰੰਟੀ ਕਰਨ ਆਦਿ ਬੁਨਿਆਦੀ ਮੰਗਾਂ ਪੂਰੀਆਂ ਕਰਾਉਣ ਲਈ ਆਰ-ਪਾਰ ਦੇ ਘੋਲਾਂ 'ਚ ਨਿਤਰਨ ਦੀ ਅਪੀਲ ਕੀਤੀ ਜਾਵੇਗੀ। ਮੀਟਿੰਗ 'ਚ ਸੰਘ ਪਰਵਾਰ ਦੇ ਖਰੂਦੀ ਗ੍ਰੋਹਾਂ ਵੱਲੋਂ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਤੇ ਈਸਾਈਆਂ ਅਤੇ ਦਲਿਤਾਂ-ਇਸਤਰੀਆਂ 'ਤੇ ਢਾਏ ਜਾ ਰਹੇ ਅਕਹਿ ਜ਼ੁਲਮਾਂ ਦਾ ਗੰਭੀਰ ਨੋਟਿਸ ਲੈਂਦਿਆਂ ਇਹ ਗੱਲ ਡੂੰਘੀ ਚਿੰਤਾ ਨਾਲ ਨੋਟ ਕੀਤੀ ਹੈ ਕਿ ਇਨ੍ਹਾਂ ਹਿੰਸਕ ਟੋਲਿਆਂ ਦੇ ਉਕਤ ਕਾਰਿਆਂ ਨਾਲ ਲੱਖਾਂ ਕੁਰਬਾਨੀਆਂ ਸਦਕਾ ਹਾਸਲ ਕੀਤੀ ਦੇਸ਼ ਦੀ ਅਜ਼ਾਦੀ, ਏਕਤਾ ਅਤੇ ਅਖੰਡਤਾ ਲਈ ਵੀ ਗੰਭੀਰ ਖਤਰੇ ਖੜ੍ਹੇ ਹੋ ਰਹੇ ਹਨ। ਮੀਟਿੰਗ ਦੀ ਰਾਇ ਹੈ ਕਿ ਖਾਲਿਸਤਾਨੀ ਅਨਸਰਾਂ ਵੱਲੋਂ ਵਿਦੇਸ਼ਾਂ ਅੰਦਰ ਭਾਰਤੀ ਸਫਾਰਤਖਾਨਿਆਂ ਸਾਹਮਣੇ ਕੀਤੇ ਜਾ ਰਹੇ ਵਿਖਾਵੇ ਅਤੇ ਭੜਕਾਊ ਕਾਰਵਾਈਆਂ ਦੇਸ਼-ਵਿਦੇਸ਼ 'ਚ ਵੱਸਦੇ ਸਿੱਖ ਭਰਾਵਾਂ ਲਈ ਭਾਰੀ ਚਿੰਤਾਵਾਂ ਖੜ੍ਹੀਆਂ ਕਰਨ ਦੇ ਨਾਲ-ਨਾਲ ਭਾਰਤ ਅੰਦਰ ਸਿੱਖਾਂ ਨੂੰ ਬਦਨਾਮ ਕਰਨ 'ਤੇ ਤੁਲੀਆਂ, ਘੱਟ ਗਿਣਤੀਆਂ ਵਿਰੋਧੀ ਫਿਰਕੂ ਤਾਕਤਾਂ ਨੂੰ ਬਲ ਬਖਸ਼ਦੀਆਂ ਹਨ। ਮੀਟਿੰਗ ਦੇ ਸ਼ੁਰੂ ਵਿੱਚ ਇਨਕਲਾਬੀ ਲੇਖਕ ਹਰਭਜਨ ਸਿੰਘ ਹੁੰਦਲ, ਉੜੀਸਾ ਰੇਲ ਹਾਦਸੇ, ਮਨੀਪੁਰ ਵਿਚਲੀ ਹਿੰਸਾ 'ਚ ਮਾਰੇ ਗਏ ਨਿਰਦੋਸ਼ ਲੋਕਾਂ, ਉੱਘੇ ਅੰਬੇਦਕਰੀ ਵਿਦਵਾਨ ਤੇ ਮਿਸਾਲੀ ਰਹਿਬਰ ਲਾਹੌਰੀ ਰਾਮ ਬਾਲੀ ਅਤੇ ਡਾ. ਅਮਰ ਸਿੰਘ ਆਜ਼ਾਦ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਮੀਟਿੰਗ ਵਿੱਚ ਕਮਿਊਨਿਸਟ ਆਗੂ ਹੁਸਨ ਸਿੰਘ ਮਾਂਗਟ ਦੇ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਪਾਲ ਸਿੰਘ ਜਗਤਪੁਰ, ਡਾ ਸੁਸ਼ੀਲ ਕੁਮਾਰ, ਸੁਰਿੰਦਰ ਭੱਟੀ, ਹਰਿ ਬਿਲਾਸ, ਕਰਨੈਲ ਸਿੰਘ, ਹਰਨੇਕ ਬੀਕਾ, ਸੋਹਣ ਸਿੰਘ, ਰਸਪਾਲ, ਕਮਲਜੀਤ ਸਿੰਘ, ਸੁਖਦੇਵ ਸਿੰਘ, ਕੁਲਦੀਪ ਸਿੰਘ, ਸੋਢੀ ਰਾਮ ਸਰਪੰਚ, ਬਲਕਾਰ ਸਿੰਘ, ਜੀਵਨ ਸਿੰਘ, ਰੇਸ਼ਮ ਸਿੰਘ, ਪਾਲੀ, ਕਮਲਜੀਤ ਸਿੰਘ ਆਦਿ ਹਾਜ਼ਰ ਸਨ।

# ਮਨੀਪੁਰ ਘਟਨਾਵਾਂ ਖਿਲਾਫ ਇਸਤਰੀ ਜਾਗ੍ਰਿਤੀ ਮੰਚ ਵੱਲੋਂ ਰੋਸ ਪ੍ਰਦਰਸ਼ਨ

**ਜਲੰਧਰ ( ਸ਼ੈਲੀ ਐਲਬਰਟ)** —3 ਮਈ ਨੂੰ ਮੈਤੇਈ ਤੇ ਕੁੱਕੀ ਕਬੀਲਿਆਂ ਵਿੱਚ ਭੜਕੀ ਹਿੰਸਾ ਦੇ ਚਲਦਿਆਂ 4 ਮਈ ਨੂੰ ਕੁੱਕੀ ਕਬੀਲੇ ਨਾਲ ਸੰਬੰਧਤ ਮਨੀਪੁਰ ਵਿੱਚ ਔਰਤਾਂ ਦੀ ਹੋਈ ਬੇਪੱਤੀ ਦੇ ਭਿਅੰਕਰ ਅਤੇ ਦਿਲ ਦਹਿਲਾਉਣ ਵਾਲੇ ਵੀਡੀਓ ਦੀ ਘਟਨਾ ਖਿਲਾਫ ਇਸਤ੍ਰੀ ਜਾਗ੍ਰਿਤੀ ਮੰਚ ਵੱਲੋਂ ਅੱਜ ਜਲੰਧਰ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ ਜਿਸ ਵਿੱਚ ਔਰਤਾਂ ਨੇ ਨਾਅਰੇਬਾਜ਼ੀ ਕਰਦਿਆਂ ਦੋਸ਼ੀਆਂ ਨੂੰ ਬਣਦੀ ਸਜ਼ਾ ਦੀ ਮੰਗ ਕੀਤੀ । ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਇਸਤ੍ਰੀ ਜਾਗ੍ਰਿਤੀ ਮੰਚ ਦੇ ਜ਼ਿਲ੍ਹਾ ਪ੍ਰਧਾਨ ਅਨੀਤਾ ਸੰਧੂ ਤੇ ਪ੍ਰੈੱਸ ਸਕੱਤਰ ਜਸਵੀਰ ਕੌਰ ਨੇ ਕਿਹਾ ਕਿ ਹਮੇਸ਼ਾ ਤੋਂ ਹੀ ਦੰਗਿਆਂ, ਯੁੱਧਾਂ ਅਤੇ ਖੂਨ ਖਰਾਬੇ ਵਿੱਚ ਔਰਤਾਂ ਨੂੰ ਸ਼ਿਕਾਰ ਬਣਾਉਣਾ ਸਮਾਜ ਵਿਚਲੀ ਹਿੰਸਕ ਮਰਦ ਪ੍ਰਧਾਨ ਸੋਚ ਦਾ ਸਿੱਟਾ ਹੈ। ਮਨੀਪੁਰ ਵਿੱਚ ਔਰਤਾਂ ਨਾਲ ਹੋਈ ਵਧੀਕੀ ਦੇ ਇੰਨੇ ਸਮੇਂ ਬਾਅਦ ਵੀ ਦੋਸ਼ੀਆਂ ਉੱਤੇ ਕਰਵਾਈ ਨਾ ਕਰਨਾ ਭਾਜਪਾ ਦੀ ਔਰਤ ਵਿਰੋਧੀ ਮਾਨਸਿਕਤਾ ਨੂੰ ਦਰਸਾਉਂਦੀ ਹੈ ਕਿਉਂਕਿ ਇਸ ਤੋਂ ਪਹਿਲਾਂ ਆਸਫਾ ਕਾਂਡ, ਬਿਲਕੀਸ ਬਾਨੋ ਕੇਸ, ਪਹਿਲਵਾਨਾਂ ਖਿਲਾਫ ਹੋਏ ਅਪਰਾਧਾਂ ਨੇ ਭਾਜਪਾ ਦਾ ਔਰਤ ਵਿਰੋਧੀ ਚਿਹਰਾ ਨੰਗਾ ਕੀਤਾ ਹੈ। ਔਰਤਾਂ ਦੀ ਪਛਾਣ ਨੂੰ ਜਨਤਕ ਕਰਨਾ ਵੀ ਦੁਸਟਤਾ ਵਾਲੇ ਅਪਰਾਧਾਂ ਦੀ ਸੂਚੀ ਵਿੱਚ ਆਉਂਦਾ ਹੈ। ਭਾਜਪਾ ਦੇ ਰਾਜ ਵਿੱਚ ਔਰਤਾਂ ਦੀ ਹਾਲਤ ਬਹੁਤ ਦੀ ਨਾਜ਼ੁਕ ਤੇ ਤਰਸਯੋਗ ਬਣੀ ਹੋਈ ਹੈ। ਮਨੀਪੁਰ ਦੀ ਭਾਜਪਾ ਸਰਕਾਰ ਅਤੇ ਉਸ ਦਾ ਮੁੱਖ ਮੰਤਰੀ ਬੀਰੇਨ ਸਿੰਘ ਘਿਨੌਣੇ

ਅਪਰਾਧ ਲਈ ਜ਼ਿੰਮੇਵਾਰ ਹਨ ਕਿਉਂਕਿ ਪੁਲਸ ਨੇ ਹਾਲੇ ਤੱਕ ਸਿਰਫ ਜ਼ੀਰੋ ਐਫ ਆਈ ਆਰ ਕੀਤੀ ਹੈ। ਇਸਤ੍ਰੀ ਜਾਗ੍ਰਿਤੀ ਮੰਚ ਇਸ ਸਮੇਂ ਮੰਗ ਕੀਤੀ ਕਿ ਔਰਤਾਂ ਖਿਲਾਫ ਹੋਏ ਅਪਰਾਧ ਨੂੰ ਫਾਸਟ ਟਰੈਕ ਅਦਾਲਤ ਵਿੱਚ ਫੌਰੀ ਦੋਸ਼ੀ ਖਿਲਾਫ ਕਾਰਵਾਈ ਕਰਦੇ ਹੋਏ ਬਣਦੀ ਸਜ਼ਾ ਦੇਣੀ ਚਾਹੀਦੀ ਹੈ। ਮਨੀਪੁਰ ਦੇ ਮੁੱਖ ਮੰਤਰੀ ਬੀਰੇਨ ਸਿੰਘ ਨੂੰ ਅਸਤੀਫਾ ਦੇਣਾ ਚਾਹੀਦਾ ਹੈ। ਇਸ ਘਟਨਾ ਲਈ ਜ਼ਿੰਮੇਵਾਰ ਪੁਲਸ ਅਧਿਕਾਰੀਆਂ 'ਤੇ ਬਣਦੀ ਕਾਰਵਾਈ ਅਤੇ ਸੂਬੇ ਵਿਚ ਸ਼ਾਂਤੀ ਬਹਾਲ ਕੀਤੇ ਜਾਣ ਦੀ ਮੰਗ ਕੀਤੀ। ਇਸ ਸਮੇਂ ਉਹਨਾਂ ਨੇ ਸਮੂਹ ਇਨਸਾਫ ਪਸੰਦ ਲੋਕਾਂ ਨੂੰ ਇਸ ਘਟਨਾ ਦਾ ਡਟਵਾਂ ਵਿਰੋਧ ਕਰਨ ਦੀ ਅਪੀਲ ਕੀਤੀ। ਇਸ ਸਮੇਂ ਇਸਤ੍ਰੀ ਜਾਗ੍ਰਿਤੀ ਮੰਚ ਦੇ ਕੁਲਵੰਤ ਕੌਰ, ਬਲਵਿੰਦਰ ਕੌਰ ਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਰਮਨਦੀਪ ਕੌਰ, ਅਲੀਸਾ, ਆਂਚਲ ਆਦਿ ਸ਼ਾਮਿਲ ਸਨ।

# ਮਨੀਪੁਰ 'ਚ ਔਰਤਾਂ 'ਤੇ ਹੋਏ ਅਣ-ਮਨੁੱਖੀ ਕਾਂਡ ਤੋਂ ਲੋਕਾਂ ਨੂੰ ਜਾਗਰੂਕ ਕੀਤਾ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**-ਇਥੇ ਬਹੁ-ਰੰਗ ਕਲਾ ਮੰਚ ਹੁਸ਼ਿਆਰਪੁਰ ਦੇ ਨਿਰਦੇਸ਼ਕ ਅਸ਼ੋਕ ਪੁਰੀ ਦੇ ਸੱਦੇ 'ਤੇ ਮਨੀਪੁਰ ਵਿਚ ਹੋ ਰਹੇ ਦਰਿੰਦਗੀ ਦੇ ਨਾਚ ਅਤੇ ਮਨੁਖੀ ਕੱਦਰਾਂ ਕੀਮਤਾਂ ਦੇ ਘਾਣ ਤੋਂ ਆਵਾਮ ਨੂੰ ਸੁਚੇਤ ਕਰਨ ਲਈ ਅਤੇ ਮਨੁਖੀ ਕੱਦਰਾਂ ਕੀਮਤਾ ਦੀ ਰੱਖਿਆ ਕਰਨ ਲਈ ਮਾਨਵ-ਚੇਨ ਬਣਾਉਨ ਲਈ ਗਰੀਨ ਵਿਉ ਪਾਰਕ ਵਿਚ ਇਕੱਠ ਹੋਇਆ ਤੇ ਕਾਮਰੇਡ ਗੰਗਾ ਪ੍ਰਸਾਦ ਆਪਣੇ ਸਾਥੀਆਂ ਅਤੇ ਨੌਜਵਾਨਾਂ ਨਾਲ ਵਿਸ਼ੇਸ਼ ਤੌਰ 'ਤੇ ਪੁੱਜੇ ਤੇ ਮਨੀਪੁਰ ਤੋਂ ਆ ਰਹੀਆਂ ਦਰਿੰਦਗੀ ਦੀਆਂ ਖਬਰਾਂ ਦਾ ਜਿਕਰ ਕੀਤਾ ਅਤੇ ਰਾਜ-ਤੰਤਰ ਦੀ ਚੁੱਪੀ ਦੇ ਉਪਰ ਸਵਾਲ ਉਠਾਏ।

ਅਸ਼ੋਕ ਪੁਰੀ ਨੇ ਲੋਕਾਂ ਨੂੰ ਸੁਚੇਤ ਹੋ ਕੇ ਦੇਸ਼ ਅੰਦਰ ਮਾਨਵੀ ਕਦਰਾਂ-ਕੀਮਤਾਂ ਦੀ ਵਕਾਲਤ ਕਰਨ ਲਈ ਪ੍ਰੇਰਿਆ। ਉਨ੍ਹਾਂ 1995 ਦੇ ਦਿੱਲੀ ਤੰਦੂਰ ਕਾਂਡ ਦੀ ਯਾਦ ਕਰਾਈ ਅਤੇ 28 ਸਾਲਾਂ ਬਾਅਦ, ਅੱਜ ਫਿਰ ਇਹ ਕਰਦਿਆਂ ਅਤੇ ਇਸ ਨੂੰ ਪਨਾਹ ਦੇਣ ਵਾਲਿਆਂ ਨੂੰ ਨੰਗਾ ਕਰਨ ਦਾ ਉਪਰਾਲਾ ਕੀਤਾ।

# ਭਾਮ ਵਿਖੇ ਲਾਇਨਜ਼ ਕਲੱਬ ਨੇ ਸ਼ਮਸ਼ਾਨਘਾਟ ਵਿਖੇ ਪੌਦੇ ਲਗਾਏ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਲਾਇਨਜ ਕਲੱਬ

25-July-PAGE-9.qxd 7/24/2023 10:52 PM Page 1



# ਸਾਂਝੇ ਫਰੰਟ ਵੱਲੋਂ ਮਨੀਪੁਰ ਘਟਨਾ ਖਿਲਾਫ਼ ਰੋਸ ਹਫਤਾ ਮਨਾਉਣ ਦਾ ਸੱਦਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਦੇਸ਼ ਦੇ ਉੱਤਰ ਪੂਰਬੀ ਸੂਬੇ ਮਨੀਪੁਰ ਵਿਖੇ ਪਿਛਲੇ 83 ਦਿਨਾਂ ਤੋਂ ਕੀਤੀ ਜਾ ਰਹੀ ਸਾੜਫੂਕ, ਲੁੱਟ ਖੋਹ, ਕਤਲੋਗਾਰਤ ਅਤੇ ਜਬਰ ਜਿਨਾਹ ਦੀਆਂ ਘਟਨਾਵਾਂ ਸੰਬੰਧੀ ਪੰਜਾਬ ਯੂ.ਟੀ. ਮੁਲਾਜਮ ਤੇ ਪੈਨਸ਼ਨਰਜ ਸਾਂਝੇ ਫਰੰਟ ਵੱਲੋਂ ਕੀਤੀ ਗਈ ਆਨ ਲਾਈਨ ਮੀਟਿੰਗ ਵਿੱਚ ਇਹਨਾ ਲਈ ਮਨੀਪੁਰ ਦੇ ਮੁੱਖ ਮੰਤਰੀ ਐਨ. ਬਿਰੇਨ ਸਿੰਘ ਦੀ ਭਾਜਪਾ ਸਰਕਾਰ ਅਤੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੂੰ ਸਾਂਝੇ ਤੌਰ 'ਤੇ ਜਿੰਮੇਵਾਰ ਠਹਿਰਾਇਆ ਗਿਆ ਹੈ। ਮੀਟਿੰਗ 'ਚ ਸਾਂਝੇ ਫਰੰਟ ਦੇ ਕਨਵੀਨਰਾਂ ਸੁਖਦੇਵ ਸਿੰਘ ਸੈਣੀ, ਸਤੀਸ਼ ਰਾਣਾ, ਜਰਮਨਜੀਤ ਸਿੰਘ, ਬਾਜ ਸਿੰਘ ਖਹਿਰਾ, ਗਗਨਦੀਪ ਸਿੰਘ, ਧਨਵੰਤ ਸਿੰਘ ਭੱਠਲ, ਰਣਜੀਤ ਸਿੰਘ ਰਾਣਵਾਂ, ਕਰਮ ਸਿੰਘ ਧਨੋਆ, ਭਜਨ ਸਿੰਘ ਗਿੱਲ, ਐਨ.ਕੇ.ਕਲਸੀ, ਰਾਧੇ ਸ਼ਿਆਮ, ਬੋਬਿੰਦਰ ਸਿੰਘ ਅਤੇ ਜਸਵੀਰ ਤਲਵਾੜਾ ਨੇ ਕਿਹਾ ਕਿ ਮਨੀਪੁਰ ਸੂਬੇ ਵਿੱਚ 3 ਮਈ ਦੀ ਰਾਤ ਨੂੰ ਕਰੀਬ ਇੱਕ ਹਜ਼ਾਰ ਲੋਕਾਂ ਦੀ ਹਥਿਆਰਬੰਦ ਭੀੜ ਵੱਲੋਂ ਕਾਂਗਪੋਕਪੀ ਜਿਲ੍ਹੇ ਦੇ ਸੈਕੁਲ ਥਾਣੇ ਦੇ ਕੁਝ ਪਿੰਡਾਂ ਵਿੱਚ ਦਾਖਲ ਹੋ ਕੇ ਕੁੱਕੀ ਕਬੀਲੇ ਦੇ ਲੋਕਾਂ ਦੇ ਘਰਾਂ 'ਤੇ ਯੋਜਨਾਬੱਧ ਹਮਲਾ ਕਰਕੇ ਭਾਰੀ ਸਾੜਫੂਕ, ਲੁੱਟਮਾਰ ਅਤੇ ਕਤਲੇਆਮ ਕੀਤਾ ਗਿਆ ਸੀ, ਜਿਸ ਤੋਂ ਬਚਦੇ ਹੋਏ ਤਿੰਨ ਕੁੱਕੀ ਔਰਤਾਂ ਅਤੇ ਦੋ ਮਰਦ ਇੱਕ ਵਾਹਨ ਵਿੱਚ ਉਥੋਂ ਬਚ ਕੇ ਨਿਕਲ ਗਏ ਸਨ ਜੋ ਅਗਲੇ ਦਿਨ 4 ਮਈ ਨੂੰ ਆਪਣਾ ਬਚਾਅ ਕਰਨ ਲਈ ਪੁਲੀਸ ਦੀ ਗੱਡੀ ਵਿੱਚ ਲੁਕ ਗਏ। ਪ੍ਰੰਤੂ ਪੁਲੀਸ ਨੇ ਉਹਨਾ ਦਾ ਕੋਈ ਬਚਾਅ ਨਹੀਂ ਕੀਤਾ ਸਗੋਂ ਭੀੜ ਨੇ ਉਹਨਾ ਨੂੰ ਪੁਲੀਸ ਤੋਂ ਖੋਹ ਲਿਆ ਅਤੇ ਤਿੰਨ ਔਰਤਾਂ ਦੇ ਕੱਪੜੇ ਉਤਾਰ ਕੇ ਉਹਨਾ ਦੀ ਨਗਨ ਪਰੇਡ ਸ਼ੁਰੂ ਕਰ ਦਿੱਤੀ ਗਈ।

ਸਾਂਝੇ ਫਰੰਟ ਦੇ ਆਗੂਆਂ ਨੇ ਕਿਹਾ ਕਿ ਹੈਰਾਨੀ ਦੀ ਗੱਲ ਇਹ ਹੈ ਕਿ ਸੂਬਾ ਸਰਕਾਰ ਅਤੇ ਪੁਲਸ ਨੇ ਇਸ ਦਾ ਕੋਈ ਨੋਟਿਸ ਨਹੀਂ ਲਿਆ ਅਤੇ ਡੇਢ ਮਹੀਨੇ ਬਾਅਦ 21 ਜੂਨ ਨੂੰ ਇੱਕ ਹਲਕੀ ਫੁਲਕੀ ਐਫ.ਆਈ.ਆਰ. ਦਰਜ ਕਰ ਦਿੱਤੀ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਮਨੀਪੁਰ ਦੀਆਂ ਘਟਨਾਵਾਂ ਵਿਰੁੱਧ ਰੋਸ ਪ੍ਰਗਟ ਕਰਨ ਅਤੇ ਉਥੋਂ ਦੇ ਕਬਾਇਲੀ ਭਾਈਚਾਰਿਆਂ ਨਾਲ ਇੱਕਜੁੱਟਤਾ ਪ੍ਰਗਟ ਕਰਨ ਲਈ ਪੰਜਾਬ ਅੰਦਰ 24 ਜੁਲਾਈ ਤੋਂ 30 ਜੁਲਾਈ ਤੱਕ ਰੋਸ ਹਫਤਾ ਮਨਾਇਆ ਜਾਵੇਗਾ, ਜਿਸ ਤਹਿਤ ਮੁਲਾਜਮਾਂ ਅਤੇ ਪੈਨਸਨਰਾਂ ਵੱਲੋਂ ਪੂਰਾ ਹਫਤਾ ਆਪਣੇ ਘਰਾਂ 'ਤੇ ਕਾਲੇ ਝੰਡੇ ਲਹਿਰਾਏ ਜਾਣਗੇ ਅਤੇ ਮੁਲਾਜਮਾਂ ਵੱਲੋਂ ਕਾਲੇ ਦੁਪੱਟੇ ਲੈਕੇ, ਕਾਲੀਆਂ ਪੱਗਾਂ ਬੰਨ ਕੇ ਤੇ ਕਾਲੇ ਬਿੱਲੇ ਲਗਾ ਕੇ ਆਪਣੀ ਡਿਊਟੀ ਕੀਤੀ ਜਾਵੇਗੀ। ਇਸ ਦੌਰਾਨ ਸਾਂਝੇ ਫਰੰਟ ਵੱਲੋਂ 26-27 ਜੁਲਾਈ ਨੂੰ ਜਿਲ੍ਹਾ ਅਤੇ ਤਹਿਸੀਲ ਕੇਂਦਰਾਂ 'ਤੇ ਪ੍ਰਧਾਨ ਮੰਤਰੀ ਦੇ ਪੁਤਲੇ ਸਾੜੇ ਜਾਣਗੇ ਅਤੇ ਭਾਰਤ ਦੇ ਰਾਸਟਰਪਤੀ ਤੇ ਚੀਫ ਜਸਟਿਸ ਨੂੰ ਰੋਸ ਪੱਤਰ ਭੇਜੇ ਜਾਣਗੇ। ਮੀਟਿੰਗ ਵਿੱਚ ਤੀਰਥ ਸਿੰਘ ਬਾਸੀ, ਸ਼ਿਵ ਕੁਮਾਰ ਤਿਵਾੜੀ, ਅਮਰੀਕ ਸਿੰਘ ਮਸੀਤਾਂ, ਐਨ.ਡੀ.ਤਿਵਾੜੀ, ਗੁਰਦੀਪ ਸਿੰਘ ਬਾਜਵਾ ਅਤੇ ਹਰਦੀਪ ਟੋਡਰਪੁਰ ਆਦਿ ਵੀ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੀ ਵਿੱਤ ਮੰਤਰੀ ਨਾਲ ਮੀਟਿੰਗ ਅੱਜ

**ਭੋਗਪੁਰ (ਗੁਰਪ੍ਰੀਤ ਸਿੰਘ ਕਾਹਲੋਂ)**- ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ, ਕੋ ਕਨਵੀਨਰ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦੇ ਸੁਬਾਈ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ ਅਤੇ ਹੋਰ ਆਗੂਆਂ ਵੱਲੋਂ ਪ੍ਰੈਸ ਨੋਟ ਜਾਰੀ ਕਰਦੇ ਹੋਏ ਕਿਹਾ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੀ ਮੀਟਿੰਗ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ ਨਾਲ ਉਹਨਾਂ ਦੇ ਦਫਤਰ ਚੰਡੀਗੜ੍ਹ ਵਿਖੇ 25 ਜੁਲਾਈ ਨੂੰ ਸਵੇਰੇ 10 ਵਜੇ ਨਿਸਚਿਤ ਹੋਈ ਹੈ। ਆਗੂਆਂ ਦੱਸਿਆ ਕਿ 21 ਜੁਲਾਈ ਦੇ ਸੰਗਰੂਰ ਵਿਖੇ ਪੁਰਾਣੀ ਪੈਨਸ਼ਨ ਪ੍ਰਾਪਤੀ ਲਈ ਹੋ ਰਹੇ ਰੋਸ ਪ੍ਰਦਰਸ਼ਨ ਦੇ ਦਬਾਅ ਸਦਕਾ ਸੰਗਰੂਰ ਪ੍ਰਸ਼ਾਸਨ ਵੱਲੋਂ 20 ਜੁਲਾਈ ਨੂੰ ਹੀ ਉਕਤ ਮੀਟਿੰਗ ਦਾ ਲਿਖਤੀ ਪੱਤਰ ਦਿੱਤਾ ਗਿਆ ਅਤੇ ਮੋਰਚੇ ਵੱਲੋਂ 21 ਜੁਲਾਈ ਦੀ ਰੈਲੀ ਨੂੰ ਰੱਦ ਕਰ ਦਿੱਤਾ ਗਿਆ ਸੀ। ਇਸ ਉਪਰੰਤ ਆਗੂਆਂ ਦੱਸਿਆ ਕਿ ਜਨਵਰੀ 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਉੱਪਰ ਨਵੀਂ ਪੈਨਸ਼ਨ ਸਕੀਮ ਲਾਗੂ ਕੀਤੀ ਗਈ ਹੈ। ਜਿਸ ਦਾ ਉਸ ਸਮੇਂ ਤੋਂ ਹੀ ਲਗਾਤਾਰ ਵਿਰੋਧ ਕਰਦੇ ਆ ਰਹੇ ਹਨ। ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ ਲਗਾਤਾਰ ਸੰਘਰਸ਼ ਕੀਤੇ ਜਾ ਰਹੇ ਹਨ। ਪਿਛਲੇ ਸਾਲ 17 ਅਗਸਤ ਨੂੰ ਹਰਪਾਲ ਸਿੰਘ ਚੀਮਾ ਨਾਲ ਚੰਡੀਗੜ੍ਹ ਵਿਖੇ ਮੋਰਚੇ ਦੀ ਪੈਨਲ ਮੀਟਿੰਗ ਹੋਈ ਸੀ। ਮੋਰਚੇ ਵੱਲੋਂ ਰੱਖੇ ਗਏ ਤੱਥਾਂ ਭਰਪੂਰ ਪੱਤਰਾਂ ਅਤੇ ਵੇਰਵਾ ਉਤੇ ਵਿੱਤ ਮੰਤਰੀ ਵੱਲੋਂ ਹਾਂ ਪੱਖੀ ਹੁੰਗਾਰਾ ਭਰਿਆ ਸੀ। ਜਿਸ 'ਤੇ ਅਮਲ ਕਰਦਿਆਂ ਪੰਜਾਬ ਸਰਕਾਰ ਵੱਲੋਂ 22 ਨਵੰਬਰ 2022 ਨੂੰ ਪੰਜਾਬ ਦੇ ਮਲਾਜ਼ਮਾਂ ਉੱਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਪਰ ਪੰਜਾਬ ਸਰਕਾਰ ਵੱਲੋਂ ਹਾਲੇ ਤੱਕ ਜਨਵਰੀ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਦੇ ਜੀਪੀਐਫ ਖਾਤੇ ਖੋਲ੍ਹਣ ਕੋਈ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਗਈ ਅਤੇ ਮੁਲਾਜ਼ਮਾਂ ਦਾ ਐਨ ਪੀ ਐਸ ਪਹਿਲਾਂ ਦੀ ਤਰ੍ਹਾਂ ਹੀ ਕੱਟਿਆ ਜਾ ਰਿਹਾ ਹੈ। ਜਿਸ ਨਾਲ ਪੰਜਾਬ ਦੇ ਮੁਲਾਜ਼ਮ ਨਿਰਾਸ਼ਾ ਵਿੱਚ ਚੱਲ ਰਹੇ ਹਨ। ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਦੀ 25 ਜੁਲਾਈ ਨੂੰ ਵਿੱਤ ਮੰਤਰੀ ਪੰਜਾਬ ਨਾਲ ਹੋ ਰਹੀ ਮੀਟਿੰਗ ਵਿੱਚ ਪੰਜਾਬ ਦੇ ਮਲਾਜ਼ਮਾਂ ਨੂੰ ਬਹੁਤ ਆਸਾਂ ਹਨ। ਪੰਜਾਬ ਸਰਕਾਰ ਨੂੰ ਮੁਲਾਜ਼ਮਾਂ ਦੇ ਜੀ ਪੀ ਐਫ ਖਾਤੇ ਖੋਲ੍ਹ ਕੇ ਕਟੌਤੀ ਕਰਨੀ ਸ਼ੁਰੂ ਕੀਤੀ ਜਾਵੇ ਅਤੇ ਐਨ ਪੀ ਐਸ ਦੀ ਕਟੌਤੀ ਬਿਲਕੁਲ ਬੰਦ ਕਰ ਦਿੱਤੀ ਜਾਵੇ।

# ਆਂਗਣਵਾੜੀ ਸੈਂਟਰਾਂ 'ਚ ਸ਼ੁਰੂਆਤੀ ਬਚਪਨ ਦੀ ਦੇਖਭਾਲ ਤੇ ਸਿੱਖਿਆ ਦਿਨ ਮਨਾਇਆ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਸਮਾਜਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਮਾਜਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਸੂਬੇ ਦੇ ਆਂਗਣਵਾੜੀ ਸੈਂਟਰਾਂ ਵਿੱਚ ਬੱਚਿਆਂ ਲਈ ਸ਼ੁਰੂਆਤੀ ਬਚਪਨ ਦੀ ਦੇਖਭਾਲ ਅਤੇ ਸਿੱਖਿਆ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਸ਼ੁਰੂਆਤੀ ਬਚਪਨ ਦੀ ਦੇਖਭਾਲ ਅਤੇ ਸਿੱਖਿਆ (ਈ ਸੀ ਸੀ ਈ) ਦਿਨ ਮਨਾਇਆ ਗਿਆ। ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸ ਦਿਨ ਦਾ ਮੁੱਖ ਉਦੇਸ਼ ਆਂਗਣਵਾੜੀ ਸੈਂਟਰਾਂ ਵਿਚ ਬੱਚਿਆਂ ਨੂੰ ਕਰਵਾਈਆਂ ਜਾ ਰਹੀਆਂ ਪੂਰਵ ਸਕੂਲ ਸਿੱਖਿਆ ਦੀਆਂ ਗਤੀਵਿਧੀਆਂ ਤੋਂ ਉਨ੍ਹਾਂ ਦੇ ਮਾਂ ਬਾਪ ਨੂੰ ਜਾਣੂ ਕਰਵਾਉਣਾ ਹੈ। ਮੰਤਰੀ ਨੇ ਅੱਗੇ ਕਿਹਾ ਕਿ ਨਵੀਂ ਸਿੱਖਿਆ ਨੀਤੀ (2020), ਫਾਊਂਡੇਸ਼ਨਲ ਲਰਨਿੰਗ ਲਈ ਰਾਸ਼ਟਰੀ ਪਾਠਕ੍ਰਮ ਫਰੇਮਵਰਕ (2022) ਅਤੇ ਸਕਸ਼ਮ ਆਂਗਣਵਾੜੀ ਅਤੇ ਪੋਸ਼ਣ 2.0 ਦੇ ਦਿਸ਼ਾ-ਨਿਰਦੇਸ਼ਾਂ ਨਾਲ ਉੱਚ-ਗੁਣਵੱਤਾ ਵਾਲੇ ਈ ਸੀ ਸੀ ਈ ਦੀ ਮਹੱਤਤਾ ਨੂੰ ਮਜ਼ਬੂਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਚਪਨ ਦੀ ਦੇਖਭਾਲ ਅਤੇ ਸਿੱਖਿਆ ਦਾ ਬੱਚਿਆਂ ਦੇ ਮਨੋਵਿਗਿਆਨਕ, ਸਮਾਜਕ ਅਤੇ ਭਾਵਨਾਤਮਕ ਵਿਕਾਸ 'ਤੇ ਮਹੱਤਵਪੂਰਨ ਪ੍ਰਭਾਵ ਪੈਂਦਾ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਬੱਚੇ ਦੇ ਮੁਢਲੇ 6 ਸਾਲ ਉਸ ਦੇ ਵਿਕਾਸ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ। ਆਂਗਣਵਾੜੀ ਸੈਂਟਰਾਂ ਵਿਚ ਪ੍ਰੀ-ਸਕੂਲ ਸਿਖਿਆ ਦਿੰਦੇ ਸਮੇਂ ਬੱਚੇ ਦੇ ਸੰਪੂਰਨ ਵਿਕਾਸ ਭਾਵ ਬੌਧਿਕ ਵਿਕਾਸ, ਭਾਸ਼ਾ ਦਾ ਵਿਕਾਸ, ਸਰੀਰਿਕ ਵਿਕਾਸ, ਸਮਾਜਕ ਅਤੇ ਭਾਵਨਾਤਮਕ ਵਿਕਾਸ, ਰਚਨਾਤਮਕ ਵਿਕਾਸ ਨੂੰ ਮੁੱਖ ਰੱਖ ਕੇ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ।

ਇਸ ਵਿੱਚ ਬੱਚੇ ਨੂੰ ਪੂਰਵ ਪੜ੍ਹਨ ਤੋਂ ਪੂਰਵ ਲਿਖਣ ਦਾ ਅਭਿਆਸ ਕਰਵਾਇਆ ਜਾਂਦਾ ਹੈ ਤਾਂ ਜੋ ਬੱਚਾ ਸਕੂਲ ਵਿੱਚ ਪੜ੍ਹਨ ਲਈ ਤਿਆਰ ਹੋ ਸਕੇ। ਇਸ ਤੋਂ ਇਲਾਵਾ ਬੱਚਿਆਂ ਦੀ ਸਿਹਤ ਨੂੰ ਮੋਨੀਟਰ ਕਰਨ ਲਈ ਗ੍ਰੋਥ ਮੋਨੀਟਰਿੰਗ ਬਾਰੇ ਵੀ ਮਾਪਿਆਂ ਨੂੰ ਜਾਣੂ ਕਰਵਾਇਆ ਗਿਆ। ਕੈਬਨਿਟ ਮੰਤਰੀ ਨੇ ਵਿਭਾਗ ਦੇ ਸੁਪਰਵਾਈਜ਼ਰਾਂ, ਆਂਗਣਵਾੜੀ ਵਰਕਰਾਂ, ਆਂਗਣਵਾੜੀ ਹੈਲਪਰਾਂ, ਮਾਪਿਆਂ ਅਤੇ ਸੰਸਥਾ ਮੇਰਕੀ ਫਾਊਂਡੇਸ਼ਨ ਦਾ ਛੋਟੇ ਬੱਚਿਆਂ ਲਈ ਸੁਰੱਖਿਅਤ ਅਤੇ ਪਾਲਣ ਪੋਸ਼ਣ ਲਈ ਸ਼ਲਾਘਾ ਕੀਤੀ। ਸਮਾਜਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਦੀ ਡਾਇਰੈਕਟਰ ਡਾ. ਮਾਧਵੀ ਕਟਾਰੀਆ ਨੇ ਸੂਬੇ 'ਚ ਸ਼ੁਰੂਆਤੀ ਬਚਪਨ ਅਤੇ ਸਿੱਖਿਆ ਤੱਕ ਪਹੁੰਚ ਨੂੰ ਵਧਾਉਣ ਅਤੇ ਸਿੱਖਣ ਦੇ ਮਾਹੌਲ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ।

## ਭਾਰੀ ਮੀਂਹ ਨਾਲ ਲਿੰਕ ਸੜਕਾਂ ਤੇ ਫਸਲਾਂ ਦਾ ਭਾਰੀ ਨੁਕਸਾਨ

**ਅੱਡਾ ਸਰਾਂ ( ਜਸਵੀਰ ਕਾਜਲ)**-ਬੀਤੀ ਰਾਤ ਜੋ ਭਾਰੀ ਬਾਰਿਸ਼ ਹੋਈ ਹੈ, ਇਸ ਨਾਲ ਅੱਡਾ ਸਰਾਂ ਤੋਂ ਜਾਂਦੀ ਲਿੰਕ ਰੋਡ ਜੋ ਦਸੂਹਾ ਨਾਲ ਜਾ ਮਿਲਦੀ ਹੈ, ਇਸ ਰੋਡ 'ਤੇ ਪਿੰਡ ਕੰਧਾਲੀ ਨੌਰੰਗਪੁਰ ਵਿਖੇ ਪੁਲੀ ਦੇ ਨਾਲ ਸੜਕ 'ਤੇ ਪਾਏ ਪੱਥਰ ਰੁੜ੍ਹ ਕੇ ਵੱਡਾ ਖਾਲਾ ਪੈ ਗਿਆ ਹੈ। ਇਸੇ ਤਰ੍ਹਾਂ ਇਕ ਲਿੰਕ ਸੜਕ ਢੱਟ ਪਿੰਡ ਵਿਖੇ ਸੜਕ ਦੇ ਨਾਲੋਂ ਵੀ ਮਿੱਟੀ ਰੁੜ੍ਹ ਗਈ ਹੈ ਅਤੇ ਪਾਈਪ ਨੰਗੇ ਹੋ ਗਏ ਹਨ । ਕੰਧਾਲਾ ਸੇਖਾਂ ਨੂੰ ਜਾਂਦੀ ਇਸ ਲਿੰਕ ਰੋਡ ਸੜਕ ਦੇ ਕਿਨਾਰੇ ਤੋਂ ਟੁੱਟ ਗਈ ਹੈ ਅਤੇ ਇਸ ਭਾਰੀ ਬਾਰਿਸ਼ ਨਾਲ ਫਸਲਾਂ ਦਾ ਵੀ ਨੁਕਸਾਨ ਹੋਇਆ ਹੈ ਅਤੇ ਮਕਾਨਾਂ ਦੀ ਹਾਲਤ ਵਿਗਾੜ ਦਿੱਤੀ ਹੈ। ਇਲਾਕੇ ਵਿੱਚ ਸਾਰੇ ਪਾਸੇ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਹੈ।

## ਚੋਰੀ ਦਾ ਸਮਾਨ ਵੇਚਣ ਵਾਲਾ ਕਾਬੂ

**ਫਗਵਾੜਾ (ਰਮਨ ਸ਼ਰਮਾ)**- ਸੀਨੀਅਰ ਪੁਲਸ ਕਪਤਾਨ ਰਾਜਪਾਲ ਸਿੰਘ ਸੰਧੂ ਵੱਲੋਂ ਜਾਰੀ ਗਏ ਦਿਸ਼ਾ ਨਿਰਦੇਸ਼ਾਂ ਅਤੇ ਚੋਰੀ ਕਰਨ ਵਾਲਿਆਂ ਖਿਲਾਫ ਵਿੱਢੀ ਗਈ ਮੁਹਿੰਮ ਦੌਰਾਨ ਗੁਰਪ੍ਰੀਤ ਸਿੰਘ ਪੁਲਸ ਕਪਤਾਨ ਸਬ ਡਵੀਜ਼ਨ ਫਗਵਾੜਾ ਅਤੇ ਜਸਪ੍ਰੀਤ ਸਿੰਘ ਉਪ ਪੁਲਸ ਕਪਤਾਨ ਸਬ ਡਵੀਜ਼ਨ ਫਗਵਾੜਾ ਦੀ ਅਗਵਾਈ ਵਿੱਚ ਮੁੱਖ ਅਫਸਰ ਥਾਣਾ ਸਤਨਾਮਪੁਰਾ ਰਮਨਦੀਪ ਕੁਮਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 21 ਜੁਲਾਈ ਨੂੰ ਏ ਐਸ ਆਈ ਜਸਦੀਸ਼ ਕੁਮਾਰ ਸਮੇਤ ਪੁਲਸ ਪਾਰਟੀ ਮੇਨ ਚੌਕ ਬਜ਼ਾਰ ਮਹੇੜੂ ਮੌਜੂਦ ਸੀ ਕਿ ਉਸ ਨੇ ਅਕਾਸ਼ਦੀਪ ਪੁੱਤਰ ਚਰਨਜੀਤ ਪਿੰਡ ਜੱਜਾ ਖੁਰਦ ਮੁਹੱਲਾ ਰਵਿਦਾਸ ਨਗਰ ਥਾਣਾ ਫਿਲੌਰ ਨੂੰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕੀਤਾ ਅਤੇ ਚੋਰੀਸ਼ੁਦਾ ਮੋਟਰਸਾਈਕਲ ਬਜਾਜ ਪਲਸਰ ਸਮੇਤ ਕਾਬੂ ਕੀਤਾ । ਅਕਾਸ਼ਦੀਪ ਨੇ ਮੋਟਰਸਾਈਕਲ ਦੀ ਮਾਲਕੀ ਬਾਰੇ ਕਿਹਾ ਕਿ ਇਹ ਮੋਟਰਸਾਈਕਲ ਮੈਂ ਲਾਅ ਗੇਟ ਮਹੇੜੂ ਤੋਂ ਕੁਝ ਦੇਰ ਪਹਿਲਾਂ ਚੋਰੀ ਕੀਤਾ ਸੀ। ਦੋਸ਼ੀ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਦੋਸ਼ੀ ਪਾਸੋਂ ਹੋਰ ਪੁੱਛਗਿੱਛ ਦੌਰਾਨ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਕਾਲੀ ਵੇਈਂ 'ਚ ਡੁੱਬਣ ਕਾਰਨ ਮੌਤ

**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ)**-ਪਿੰਡ ਆਲਮਪੁਰ ਵਾਸੀ 51 ਸਾਲਾ ਵਿਅਕਤੀ ਦੀ ਕਾਲੀ ਬੇਈਂ 'ਚ ਡੁੱਬਣ ਕਾਰਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮਹਿੰਦਰਪਾਲ ਸਿੰਘ ਪੁੱਤਰ ਬਰਕਤ ਰਾਮ ਵਜੋਂ ਹੋਈ ਹੈ। ਇਹ ਘਟਨਾ ਦੇਰ ਸ਼ਾਮ ਉਸ ਸਮੇਂ ਵਾਪਰੀ ਜਦੋਂ ਮਹਿੰਦਰਪਾਲ ਆਪਣੇ ਹੋਰ ਸਾਥੀਆਂ ਨਾਲ ਕਾਲੀ ਬੇਈਂ ਦੇ ਪਾਣੀ ਦਾ ਪੱਧਰ ਦੇਖਣ ਲਈ ਗਿਆ ਤਾਂ ਪਾਣੀ ਦੇ ਤੇਜ਼ ਵਹਾਅ ਵਿਚ ਰੁੜ੍ਹ ਗਿਆ। ਉਸ ਦੇ ਸਾਥੀਆਂ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਉਸ ਨੂੰ ਬਚਾ ਨਹੀਂ ਸਕੇ। ਮਹਿੰਦਰਪਾਲ ਦੇ ਰਿਸ਼ਤੇਦਾਰਾਂ ਨੇ ਅੱਜ ਸਵੇਰੇ ਪੁਲਸ ਨੂੰ ਸੂਚਿਤ ਕੀਤਾ ਜਿਸ ਤੋਂ ਬਾਅਦ ਥਾਣਾ ਮੁਖੀ ਦਸੂਹਾ ਬਲਵਿੰਦਰ ਸਿੰਘ ਅਤੇ ਥਾਣੇਦਾਰ ਸਤਨਾਮ ਸਿੰਘ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਉਸ ਦੀ ਲਾਸ਼ ਦੀ ਭਾਲ ਸ਼ੁਰੂ ਕਰ ਦਿੱਤੀ। ਪਰ ਅਜੇ ਤੱਕ ਉਸ ਦਾ ਕੋਈ ਪਤਾ ਨਹੀਂ ਚੱਲ ਸਕਿਆ ।

## ਹੜ੍ਹ ਪ੍ਰਭਾਵਿਤ ਲੋਕਾਂ ਲਈ ਰਾਹਤ ਸਮਗਰੀ ਭੇਜੀ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਅੱਜ ਕਿਰਤੀ ਕਿਸਾਨ ਯੂਨੀਅਨ ਪੰਡੋਰੀ ਬੀਬੀ ਮੁਖਲਿਆਣਾ ਬਡਲਾ ਦੇ ਵਰਕਰਾਂ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਲਈ ਰਾਹਤ ਸਮੱਗਰੀ ਭੇਜੀ ਗਈ, ਜਿਸ ਵਿਚ ਪੀਣ ਵਾਸਤੇ ਪਾਣ

25-JULY-PAGE-10.qxd 7/24/2023 9:16 PM Page 1



# ਜਨਤਕ ਸੰਗਠਨਾਂ ਨੇ ਮਨੀਪੁਰ 'ਚ ਔਰਤਾਂ ਦੀ ਬੇਪਤੀ ਖਿਲਾਫ ਮੋਦੀ ਸਰਕਾਰ ਦਾ ਪੁਤਲਾ ਸਾੜਿਆ

**ਮਾਨਸਾ (ਆਤਮਾ ਸਿੰਘ ਪਮਾਰ)**-ਪਿਛਲੇ ਢਾਈ ਮਹੀਨਿਆਂ ਤੋਂ ਮਨੀਪੁਰ ਵਿੱਚ ਜਾਰੀ ਨਸਲੀ ਹਿੰਸਾ, ਔਰਤਾਂ ਨੂੰ ਨਿਰਵਸਤਰ ਕਰਕੇ ਘੁਮਾਉਣ ਤੇ ਸਮੂਹਿਕ ਬਲਾਤਕਾਰ, ਸਾੜ ਫੂਕ ਦੀਆਂ ਘਟਨਾਵਾਂ ਦੇ ਵਿਰੋਧ ਵਿੱਚ ਮਾਨਸਾ ਦੀਆਂ ਜਨਤਕ ਜਥੇਬੰਦੀਆਂ ਜਮਹੂਰੀ ਅਧਿਕਾਰ ਸਭਾ, ਤਰਕਸ਼ੀਲ ਸੁਸਾਇਟੀ ਮਾਨਸਾ, ਆਲ ਇੰਡੀਆ ਪ੍ਰਗਤੀਸ਼ੀਲ ਇਸਤਰੀ ਸਭਾ ਤੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸੱਦੇ 'ਤੇ ਸਥਾਨਕ ਬਾਲ ਭਵਨ ਮਾਨਸਾ ਵਿਖੇ ਵਿਰੋਧ ਪ੍ਰਦਰਸ਼ਨ ਕਰਨ ਤੋਂ ਬਾਅਦ ਜ਼ਿਲ੍ਹਾ ਸਕੱਤਰੇਤ ਦੇ ਸਾਹਮਣੇ ਮੋਦੀ ਸਰਕਾਰ ਦਾ ਪੁਤਲਾ ਸਾੜਿਆ ਗਿਆ। ਵਿਖਾਵਾਕਾਰੀ ਮੋਦੀ ਅਮਿਤ ਸ਼ਾਹ ਜੁੰਡਲੀ ਸ਼ਰਮ ਕਰੋ ਤੇ ਮਨੀਪੁਰ ਦੀ ਬੀ ਜੇ ਪੀ ਸਰਕਾਰ ਨੂੰ ਭੰਗ ਕਰੋ ਦੇ ਨਾਹਰੇ ਲਗਾ ਰਹੇ ਸਨ।

ਇਸ ਮੌਕੇ ਜੁੜੇ ਲੋਕਾਂ ਨੂੰ ਸੰਬੋਧਨ ਕਰਦਿਆਂ ਪ੍ਰਗਤੀਸ਼ੀਲ ਇਸਤਰੀ ਸਭਾ ਦੀ ਆਗੂ ਜਸਬੀਰ ਕੌਰ ਨੱਤ ਨੇ ਕਿਹਾ ਕਿ ਕੇਂਦਰ ਦੀ ਬੀ ਜੇ ਪੀ ਸਰਕਾਰ ਤੇ ਆਰ ਐੱਸ ਐੱਸ ਵੱਲੋਂ ਫਿਰਕੂ ਧਰੁਵੀਕਰਨ ਤਿੱਖਾ ਕਰਨ ਲਈ ਮਨੀਪੁਰ 'ਚ ਮਤੈਈ ਹਿੰਦੂ ਬਹੁਗਿਣਤੀ ਦੀ ਨੂੰ ਸ਼ਹਿ ਦੇ ਕੇ ਇਸਾਈ ਮੁਸਲਿਮ ਕੂਕੀ ਭਾਈਚਾਰੇ ਦੀ ਨਸਲਕੁਸ਼ੀ ਤੇ ਔਰਤਾਂ ਦੇ ਮਾਣ ਤੇ ਇਸਮਤ ਦਾ ਘਾਣ ਕਰਵਾਇਆ ਜਾ ਰਿਹਾ ਹੈ। ਤਰਕਸ਼ੀਲ ਸੁਸਾਇਟੀ ਦੇ ਆਗੂ ਮਾਸਟਰ ਲੱਖਾ ਸਿੰਘ ਨੇ ਕਿਹਾ ਕੇ ਮੋਦੀ ਸਰਕਾਰ ਪਿਛਲੇ ਨੌਂ ਸਾਲਾਂ ਤੋਂ ਸੋਚੀ ਸਮਝੀ ਸਾਜ਼ਿਸ਼ ਤਹਿਤ ਸਮਾਜ ਵਿੱਚ ਅੰਧਵਿਸ਼ਵਾਸ ਤੇ ਗੈਰ-ਵਿਗਿਆਨਕ ਸੋਚ ਨੂੰ ਫੈਲਾਅ ਰਹੀ ਹੈ। ਤਰਕਪੂਰਨ ਤੇ ਵਿਗਿਆਨਕ ਸੋਚ ਰੱਖਣ ਵਾਲੇ ਬੁੱਧੀਜੀਵੀਆਂ ਤੇ ਸਿਆਸੀ ਕਾਰਕੁਨਾਂ ਨੂੰ ਜੇਲ੍ਹ 'ਚ ਸੁੱਟਿਆ ਜਾਂ ਕਤਲ ਕੀਤਾ ਜਾ ਰਿਹਾ ਹੈ। ਮਨੀਪੁਰ ਵਿੱਚ ਵਾਪਰੀ ਅਣਮਨੁੱਖੀ ਘਟਨਾ ਵੀ ਉਪਰੋਕਤ ਕੋਝੀ ਸਿਆਸਤ ਦਾ ਹੀ ਸਿੱਟਾ ਹੈ। ਜਮਹੂਰੀ ਅਧਿਕਾਰ ਸਭਾ ਦੇ ਆਗੂ ਹਰਗਿਆਨ ਸਿੰਘ ਢਿੱਲੋਂ ਨੇ ਕਿਹਾ ਕਿ ਮੋਦੀ ਸਰਕਾਰ ਲਗਾਤਾਰ ਔਰਤਾਂ ਤੇ ਘੱਟ-ਗਿਣਤੀਆਂ ਦੇ ਹੱਕਾਂ ਨੂੰ ਕੁਚਲ ਰਹੀ ਹੈ। ਡੀ ਟੀ ਐੱਫ ਦੀ ਆਗੂ ਗੁਰਪ੍ਰੀਤ ਕੌਰ ਨੇ ਕਿਹਾ ਕਿ ਦਹਾਕਿਆਂ ਤੋਂ ਉੱਤਰ ਪੂਰਬ ਦੇ ਰਾਜਾਂ ਨੂੰ ਸਿੱਖਿਆ ਤੋਂ ਵੀ ਵਾਂਝਾ ਰੱਖ ਕੇ ਜਹਾਲਤ ਤੇ ਟਕਰਾਅ ਵੱਲ ਧੱਕਿਆ ਜਾ ਰਿਹਾ ਹੈ। ਇਹੋ ਜਹੀ ਫਿਰਕੂ ਤੇ ਨਫਰਤੀ ਪਹੁੰਚ ਹੀ ਚਾਰ ਮਈ ਨੂੰ ਵਾਪਰੀ ਘਟਨਾ ਲਈ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਹਰ ਤਰ੍ਹਾਂ ਦੀ ਲੜਾਈ 'ਚ ਔਰਤਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਜੋ ਕਿ ਬਹੁਤ ਹੀ ਸ਼ਰਮਨਾਕ ਕਾਰਾ ਹੈ। ਇਸ ਸਮੇਂ ਉਪਰੋਕਤ ਤੋਂ ਇਲਾਵਾ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਤੇ ਨਿਰਮਲ ਸਿੰਘ ਝੰਡੂਕੇ ਸਮੇਤ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਦੇ ਆਗੂ, ਮਜ਼ਦੂਰ ਮੁਕਤੀ ਮੋਰਚਾ ਦੇ ਗੁਰਸੇਵਕ ਸਿੰਘ, ਇਨਕਲਾਬੀ ਨੌਜਵਾਨ ਸਭਾ ਦੇ ਵਿੰਦਰ ਅਲਖ, ਡੀ ਟੀ ਐੱਫ ਦੇ ਪਰਮਿੰਦਰ ਸਿੰਘ ਮਾਨਸਾ, ਅਮੋਲਕ ਡੇਲੂਆਣਾ, ਰਾਜਵਿੰਦਰ ਮੀਰ, ਗੁਰਲਾਲ ਗੁਰਨੇ, ਅਮਰੀਕ ਭੀਖੀ, ਕੁਲਦੀਪ ਕੌਰ, ਮਨਜੀਤ ਕੌਰ, ਸੁਖਵੀਰ ਬੱਬੀ, ਸੀਪੀਆਈ (ਐੱਮ ਐੱਲ) ਲਿਬਰੇਸ਼ਨ ਦੇ ਰਾਜਵਿੰਦਰ ਰਾਣਾ, ਕ੍ਰਿਸ਼ਨਾ ਕੌਰ, ਦਰਸ਼ਨ ਸਿੰਘ ਦਾਨੇਵਾਲਾ, ਸੀਪੀਐੱਮ ਦੇ ਸਵਰਨਜੀਤ ਦਲਿਓ, ਸੀਪੀਆਈ ਦੇ ਕ੍ਰਿਸ਼ਨ ਚੌਹਾਨ, ਅਜ਼ਾਦ ਵਿਚਾਰ ਮੰਚ ਦੇ ਜਸਵੀਰ ਜਸ਼ਨ, ਸੁਖਜਿੰਦਰ ਸਿੰਘ, ਮੇਜਰ ਸਿੰਘ ਦੂਲੋਵਾਲ, ਜਗਰਾਜ ਰੱਲਾ ਆਦਿ ਨੇ ਵੀ ਸੰਬੋਧਨ ਕੀਤਾ।

# ਸਰਕਾਰੀ ਮਿਡਲ ਸਕੂਲ ਬੂਰਵਾਲਾ 'ਚ ਭਾਰਤ ਵਿਕਾਸ ਪ੍ਰੀਸ਼ਦ ਨੇ ਪੌਦੇ ਲਗਾਏ

**ਜਲਾਲਾਬਾਦ (ਜੀਤ ਕੁਮਾਰ)**-ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਵੱਲੋਂ ਸਰਕਾਰੀ ਮਿਡਲ ਸਕੂਲ ਬੂਰਵਾਲਾ ਵਿਖੇ ਵਾਤਾਵਰਣ ਦੀ ਸ਼ੁੱਧਤਾ ਲਈ ਪੌਦੇ ਲਗਾਏ ਗਏ। ਇਸ ਸਮੇਂ ਸਕੂਲ ਦਾ ਸਟਾਫ ਤੇ ਬੱਚੇ ਹਾਜ਼ਰ ਸਨ। ਇਸ ਮੌਕੇ ਪ੍ਰਧਾਨ ਪ੍ਰਵੇਸ਼ ਖੰਨਾ ਤੇ ਰੋਸ਼ਨ ਲਾਲ ਅਸੀਜਾ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਵੀ ਇਸੇ ਸਕੂਲ ਵਿੱਚ ਪੌਦੇ ਲਗਾਏ ਗਏ ਸਨ, ਜੋ ਕਿ ਇਸ ਵਕਤ ਵੱਡੇ ਹੋ ਕੇ ਵਾਤਾਵਰਣ ਨੂੰ ਸ਼ੁੱਧ ਕਰਨ ਵਿੱਚ ਸਹਾਈ ਹੋ ਰਹੇ ਹਨ।

ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਸ਼੍ਰੀਮਤੀ ਅਰਚਨਾ ਗਾਬਾ ਨੇ ਜਿੱਥੇ ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਦਾ ਧੰਨਵਾਦ ਕੀਤਾ, ਉਥੇ ਹੀ ਉਨ੍ਹਾਂ ਤੇ ਸਮੁੱਚੇ ਸਟਾਫ ਨੇ ਇਨ੍ਹਾਂ ਪੌਦਿਆਂ ਦੀ ਸਾਂਭ-ਸੰਭਾਲ ਕਰਨ ਲਈ ਵੀ ਪੂਰਨ ਵਿਸ਼ਵਾਸ ਦਿਵਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਦਵਿੰਦਰ ਕੁੱਕੜ, ਖਜ਼ਾਨਚੀ ਰਮੇਸ਼ ਸਿਡਾਨਾ, ਪ੍ਰੋਜੈਕਟ ਇੰਚਾਰਜ ਰਾਜੇਸ਼ ਪਰੂਥੀ, ਪ੍ਰਕਾਸ਼ ਦੋਸ਼ੀ, ਰਾਜਨ ਦੂਮੜਾ ਵਲੰਟੀਅਰ, ਮੁੱਖ ਅਧਿਆਪਕਾ ਅਰਚਨਾ ਗਾਬਾ, ਜਸਮੀਨ ਕੌਰ ਗੁੰਬਰ, ਪੂਨਮ ਦੂਮੜਾ, ਸੁਖਪਾਲ ਕੌਰ ਪਰੂਥੀ, ਸੰਤੋਸ਼ ਰਾਣੀ, ਅਜੇ ਬੱਬਰ ਸਮੇਤ ਸਾਰੇ ਅਧਿਆਪਕ ਤੇ ਸਕੂਲ ਦੇ ਬੱਚੇ ਹਾਜ਼ਰ ਸਨ।

# ਮੋਗਾ ਐਪਸੋ ਵੱਲੋਂ ਮਨੀਪੁਰ ਘਟਨਾਵਾਂ ਦੀ ਸਖਤ ਨਿੰਦਾ

## ਮਨੀਪੁਰ ਸਰਕਾਰ ਨੂੰ ਤੁਰੰਤ ਬਰਖਾਸਤ ਕੀਤਾ ਜਾਵੇ : ਥਾਪਰ, ਖੋਸਾ

**ਮੋਗਾ (ਅਮਰਜੀਤ ਬੱਬਰੀ)**-ਕੁੱਲ ਹਿੰਦ ਅਮਨ ਤੇ ਇੱਕਮੁੱਠਤਾ ਸੰਗਠਨ (ਐਪਸੋ) ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਡਾਕਟਰ ਪਵਨ ਥਾਪਰ ਦੀ ਪ੍ਰਧਾਨਗੀ ਹੇਠ ਕਾਮਰੇਡ ਨਛੱਤਰ ਧਾਲੀਵਾਲ ਭਵਨ ਮੋਗਾ ਵਿਖੇ ਹੋਈ, ਜਿਸ ਵਿੱਚ ਪਿਛਲੀ ਦਿਨੀਂ ਮਨੀਪੁਰ ਵਿੱਚ ਹੋਈਆਂ ਦੁੱਖਦਾਈ ਘਟਨਾਵਾਂ ਦੀ ਸਖਤ ਨਿੰਦਾ ਕੀਤਾ ਗਈ। ਮੀਟਿੰਗ ਵਿੱਚ ਮਨੀਪੁਰ ਵਿੱਚ ਔਰਤਾਂ ਦੀ ਨੰਗੀ ਪਰੇਡ ਕਰਨ ਨੂੰ ਮਨੁੱਖਤਾ 'ਤੇ ਕਲੰਕ ਦੱਸਦੇ ਹੋਏ ਕਿਹਾ ਕਿ ਅੱਜ ਦੇ ਦੌਰ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਨਾ ਬਹੁਤ ਹੀ ਮੰਦਭਾਗਾ ਹੈ। ਇਨ੍ਹਾਂ ਘਟਨਾਵਾਂ ਨੇ ਦੇਸ਼ ਵਿਦੇਸ਼ ਦੇ ਲੋਕਾਂ ਦੀ ਸਮੁੱਚੀ ਜਮੀਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਮੀਟਿੰਗ ਵਿੱਚ ਮੰਗ ਕੀਤੀ ਗਈ ਕਿ ਮਨੀਪੁਰ ਸਰਕਾਰ ਨੂੰ ਤੁਰੰਤ ਬਰਖਾਸਤ ਕੀਤਾ ਜਾਵੇ ਤੇ ਇਨ੍ਹਾਂ ਘਟਨਾਵਾਂ ਦੀ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਕੀਤੀ ਜਾਵੇ। ਮੀਟਿੰਗ ਨੇ ਮੌਕੇ ਦੀ ਸਰਕਾਰ ਦੀ ਚੁੱਪ 'ਤੇ ਸਵਾਲ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ 79 ਦਿਨਾਂ ਤੱਕ ਇਨ੍ਹਾਂ ਘਟਨਾਵਾਂ 'ਤੇ ਚੁੱਪ ਰਹੇ, ਪ੍ਰੰਤੂ ਵੀਡੀਓ ਜਨਤਕ ਹੋਣ ਤੋਂ ਬਾਅਦ ਹੁਣ ਮਗਰਮੱਛ ਦੇ ਹੰਝੂ ਵਹਾਉਣੇ ਸ਼ੁਰੂ ਕਰ ਦਿੱਤੇ ਹਨ। ਮਨੀਪੁਰ ਵਿੱਚ ਪਿਛਲੇ ਦੋ ਮਹੀਨੇ ਤੋਂ ਵੀ ਵੱਧ ਸਮੇਂ ਵਿੱਚ ਭਾਈਚਾਰਕ ਤੇ ਫਿਰਕੂ ਤਣਾਅ ਵਧ ਰਿਹਾ ਹੈ। ਵੱਡੀ ਗਿਣਤੀ ਵਿੱਚ ਲੁੱਟ ਮਾਰ ਤੇ ਕਤਲੋਗਾਰਤ ਦੀਆਂ ਘਟਨਾਵਾਂ ਵਧ ਰਹੀਆਂ ਹਨ, ਪਰ ਸੂਬਾਈ ਤੇ ਕੇਂਦਰ ਸਰਕਾਰਾਂ ਮੂਕ ਦਰਸ਼ਕ ਬਣੀਆਂ ਹੋਈਆਂ ਹਨ। ਮੀਟਿੰਗ ਨੇ ਆਮ ਲੋਕਾਂ ਤੇ ਜਨਤਕ ਜਥੇਬੰਦੀਆਂ ਨੂੰ ਇਸ ਦਾ ਵਿਰੋਧ ਕਰਦਿਆਂ ਆਪਣੀ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਤੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੀ ਮੰਗ ਕੀਤੀ। ਇਸ ਮੌਕੇ ਐਪਸੋ ਮੋਗਾ ਦੇ ਜ਼ਿਲ੍ਹਾ ਸਕੱਤਰ ਇੰਜ. ਸਵਰਨ ਖੋਸਾ, ਰਿਟਾਇਰਡ ਪ੍ਰਿੰਸੀਪਲ ਪੂਰਨ ਸਿੰਘ ਸੰਧੂ ਮੀਤ ਪ੍ਰਧਾਨ, ਐਪਸੋ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਡਾਕਟਰ ਇੰਦਰਵੀਰ ਗਿੱਲ, ਸੂਬਾ ਕਮੇਟੀ ਮੈਂਬਰ ਤਰਸੇਮ ਸਿੰਘ, ਜੁਆਇੰਟ ਸਕੱਤਰ ਚਮਕੌਰ ਸਿੰਘ ਤੇ ਪੋਹਲਾ ਸਿੰਘ ਕੈਸ਼ੀਅਰ ਮੋਗਾ ਐਪਸੋ ਮੌਜੂਦ ਸਨ।

## ਕਾਤਰਾਂ

### ਜ਼ਮੀਨ 'ਚੋਂ ਸੜਕ ਕੱਢਣ ਨੂੰ ਲੈ ਕੇ ਹੋਈ ਲੜਾਈ ਦੇ ਸੰਬੰਧ 'ਚ 7 ਲੋਕ ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਪ੍ਰਭਾਤ ਸਿੰਘ ਵਾਲਾ ਹਿਠਾੜ ਵਿਖੇ ਜ਼ਮੀਨ ਵਿੱਚੋਂ ਰਸਤਾ ਕੱਢਣ ਨੂੰ ਲੈ ਕੇ ਹੋਈ ਲੜਾਈ ਸਬੰਧੀ ਥਾਣਾ ਸਦਰ ਦੀ ਪੁਲਸ ਵੱਲੋਂ 7 ਲੋਕਾਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਮੁਦੱਈ ਧਾਰਾ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਪ੍ਰਭਾਤ ਸਿੰਘ ਵਾਲਾ ਹਿਠਾੜ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਬੀਤੀ 20 ਜੁਲਾਈ 2023 ਨੂੰ ਉਸ ਦਾ ਲੜਕਾ ਭਜਨ ਸਿੰਘ ਤੇ ਪੋਤਰਾ ਹਰੀਸ਼ ਸਿੰਘ ਨੇ ਝੋਨਾ ਲਗਾਉਣ ਲਈ ਜ਼ਮੀਨ ਨੂੰ ਪਾਣੀ ਲਗਾਇਆ ਹੋਇਆ ਸੀ। ਉਸ ਵੱਲੋਂ ਆਪਣੀ ਜ਼ਮੀਨ ਦੀ ਨਿਸ਼ਾਨਦੇਹੀ ਕਰਵਾਈ ਗਈ ਸੀ ਤੇ ਜੋ ਸੜਕ ਨਿਸ਼ਾਨਦੇਹੀ ਵਿੱਚ ਆਉਂਦੀ ਹੈ, ਉਹ ਸੜਕ ਬਲਬੀਰ ਸਿੰਘ ਬਗੈਰਾ ਚੱਲਣ ਨਹੀਂ ਦਿੰਦੇ ਤੇ ਧੱਕੇ ਨਾਲ ਉਸ ਦੀ ਜ਼ਮੀਨ ਵਿੱਚੋਂ ਇਹ ਸੜਕ ਕੱਢਦੇ ਹਨ, ਜਿਸ ਕਰਕੇ ਬਲਬੀਰ ਸਿੰਘ ਵਗੈਰਾ ਨੇ ਇਕੱਠੇ ਹੋ ਕੇ ਉਸ ਦੀ ਤੇ ਉਸ ਦੇ ਲੜਕੇ ਭਜਨ ਸਿੰਘ ਅਤੇ ਪੋਤਰੇ ਹਰੀਸ਼ ਨਾਲ ਕੁੱਟਮਾਰ ਕੀਤੀ, ਜਿਸ 'ਤੇ ਥਾਣਾ ਸਦਰ ਦੀ ਪੁਲਸ ਵੱਲੋਂ ਮੁਦੱਈ ਧਾਰਾ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਮੁਕੱਦਮਾ ਨੰਬਰ 97 ਮਿਤੀ 22-07-2023 ਨੂੰ ਧਾਰਾ 323,148,149, 506 ਆਈਪੀਸੀ ਤਹਿਤ ਬਲਬੀਰ ਸਿੰਘ ਪੁੱਤਰ ਮਾਂਘ ਸਿੰਘ, ਪੰਜਾਬ ਸਿੰਘ ਪੁੱਤਰ ਬਲਬੀਰ ਸਿੰਘ, ਅੰਗਰੇਜ ਸਿੰਘ ਪੁੱਤਰ ਬਲਬੀਰ ਸਿੰਘ, ਗੁਰਮੇਜ ਸਿੰਘ ਪੁੱਤਰ ਬਲਬੀਰ ਸਿੰਘ, ਦਰਸ਼ਨ ਰਾਣੀ ਪਤਨੀ ਬਲਬੀਰ ਸਿੰਘ ਵਾਸੀਆਨ ਪ੍ਰਭਾਤ ਸਿੰਘ ਵਾਲਾ ਹਿਠਾੜ, ਪ੍ਰਕਾਸ਼ ਸਿੰਘ ਪੁੱਤਰ ਕਸ਼ਮੀਰ ਸਿੰਘ ਤੇ ਪ੍ਰਕਾਸ਼ ਸਿੰਘ ਦੀ ਪਤਨੀ (ਨਾਮਲੂਮ) ਵਾਸੀਆਨ ਵੱਡਾ ਫਲੀਆਂਵਾਲਾ ਖਿਲਾਫ ਦਰਜ ਕੀਤਾ ਗਿਆ ਹੈ।

### ਜੋਧਪੁਰ ਤੇ ਬੇਟੂ ਕਦੀਮ 'ਚ ਮਨਾਇਆ ਬੌਧਿਕ ਵਿਕਾਸ ਦਿਵਸ

**ਮਮਦੋਟ (ਜਸਬੀਰ ਸਿੰਘ ਕੰਬੋਜ)**-ਜ਼ਿਲ੍ਹਾ ਪ੍ਰੋਗਰਾਮ ਅਫਸਰ ਫਿਰੋਜ਼ਪੁਰ ਦੇ ਆਦੇਸ਼ਾਂ 'ਤੇ ਸਤਵੰਤ ਸਿੰਘ ਬਾਲ ਵਿਕਾਸ ਤੇ ਪ੍ਰੋਜੈਕਟ ਅਫਸਰ ਮਮਦੋਟ ਦੀ ਅਗਵਾਈ ਵਿੱਚ ਪਿੰਡ ਜੋਧਪੁਰ ਤੇ ਬੇਟੂ ਕਦੀਮ ਵਿਖੇ ਈ ਸੀ ਸੀ ਈ ਤਹਿਤ ਬੌਧਿਕ ਵਿਕਾਸ ਦਿਵਸ ਮਨਾਇਆ ਗਿਆ, ਜਿਸ ਵਿੱਚ ਛੋਟੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੇ ਸ਼ਿਕਰਤ ਕੀਤੀ। ਆਂਗਣਵਾੜੀ ਸੁਪਰਵਾਈਜ਼ਰ ਕਾਂਤਾ ਰਾਣੀ, ਨਰਿੰਦਰ ਕੌਰ, ਪ੍ਰੇਮ ਕੌਰ ਆਂਗਣਵਾੜੀ ਵਰਕਰ ਜੋਧਪੁਰ ਤੇ ਕਿਰਨ ਬਾਲਾ ਆਂਗਣਵਾੜੀ ਵਰਕਰ ਬੇਟੂ ਕਦੀਮ ਵੱਲੋਂ ਆਪਣੀਆਂ ਹੈਲਪਰਾਂ ਦੇ ਸਹਿਯੋਗ ਨਾਲ ਛੋਟੀਆਂ ਛੋਟੀਆਂ ਗਤੀਵਿਧੀਆਂ ਰਾਹੀਂ ਮਾਪਿਆਂ ਨੂੰ ਸੰਦੇਸ਼ ਦਿੱਤਾ ਗਿਆ ਕਿ ਛੋਟੀਆਂ ਗਤੀਵਿਧੀਆਂ ਰਾਹੀਂ ਕਿਵੇਂ ਬੱਚਿਆਂ ਦਾ ਬੌਧਿਕ ਵਿਕਾਸ ਹੁੰਦਾ ਹੈ, ਤੇ ਉਨ੍ਹਾਂ ਵਿੱਚ ਸਮਝ, ਫੈਸਲੇ ਕਰਨ ਦੀ ਸ਼ਕਤੀ ਵਧਦੀ ਹੈ। ਇਸ ਸਾਰੇ ਪ੍ਰੋਗਰਾਮ 'ਚ ਪ੍ਰਭਾਵਿਤ ਬੱਚਿਆਂ ਦੇ ਮਾਪਿਆਂ ਨੇ ਅਜਿਹੀਆਂ ਗਤੀਵਿਧੀਆਂ ਵਿੱਚ ਛੋਟੇ ਬੱਚਿਆਂ ਤੇ ਮਾਪਿਆਂ ਨੂੰ ਸ਼ਾਮਲ ਕਰਨ 'ਤੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਵੱਡੀ ਗਿਣਤੀ 'ਚ ਬੱਚੇ ਤੇ ਉਨ੍ਹਾਂ ਦੇ ਪੇਰੈਂਟਸ ਹਾਜ਼ਰ ਸਨ।

### ਪਿਸਟਲ ਸਮੇਤ 3 ਰੌਂਦ ਜ਼ਿੰਦਾ, 4 ਲੱਖ ਨਗਦੀ ਤੇ 2 ਮੋਬਾਇਲ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੀ ਐੱਸ ਐੱਫ ਦੀ 116 ਬਟਾਲੀਅਨ ਨੇ ਨਾਕੇ ਦੌਰਾਨ ਦੋ ਵਿਅਕਤੀਆਂ ਨੂੰ ਇੱਕ ਪਿਸਟਲ 7.65 ਐੱਮਐੱਮ ਸਮੇਤ ਖਾਲੀ ਮੈਗਜ਼ੀਨ ਤੇ 3 ਰੌਂਦ ਜ਼ਿੰਦਾ, 4 ਲੱਖ ਰੁਪਏ, 2 ਮੋਬਾਇਲ ਫੋਨ ਤੇ 1 ਐਕਟਿਵਾ ਸਕੂਟਰ ਬਰਾਮਦ ਕਰਕੇ ਦੋ ਦੋਸ਼ੀਆਨ ਨੂੰ ਗ੍ਰਿਫਤਾਰ ਕਰਕੇ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਤਿੰਨ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਮਹਿੰਦਰ ਸਿੰਘ ਨੇ ਦੱਸਿਆ ਕਿ ਰਾਜੇਸ਼ ਕੁਮਾਰ ਏਸੀ, ਕੰਪਨੀ ਕਮਾਂਡਰ ਬੀਓਪੀ ਕੱਸੋਕੇ 116 ਬਟਾਲੀਅਨ ਬੀਐੱਸਐੱਫ ਨੇ 2 ਸ਼ੱਕੀ ਵਿਅਕਤੀ ਰਾਤ ਸਮੇਂ ਨਾਕੇ ਤੇ ਕਾਬੂ ਕੀਤੇ ਹਨ, ਜਿਨ੍ਹਾਂ ਨੇ ਅਪਣਾ ਨਾਮ ਵਿਲੀਅਮ ਪੁੱਤਰ ਬਲਦੇਵ ਸਿੰਘ ਤੇ ਬੂਟਾ ਸਿੰਘ ਪੁੱਤਰ ਸਵ. ਵਿਜੇ ਵਾਸੀ ਪਿੰਡ ਰੱਖੜੀ ਬਸਤੀ ਗਾਂਧੀ ਨਗਰੀ ਦੱਸੇ ਤੇ ਜਿਨ੍ਹਾਂ ਪਾਸੋਂ ਇਕ ਪਿਸਟਲ 7.65 ਐੱਮਐੱਮ ਸਮੇਤ ਖਾਲੀ ਮੈਗਜ਼ੀਨ ਤੇ 3 ਰੌਂਦ ਜ਼ਿੰਦਾ ਬਿਨਾਂ ਲਾਇਸੰਸ ਤੇ 2 ਲੱਖ ਰੁਪਏ, 2 ਮੋਬਾਇਲ ਫੋਨ ਅਤੇ ਇੱਕ ਐਕਟਿਵਾ ਸਕੂਟਰ ਨੰਬਰ ਪੀਬੀ 05 ਏਐੱਨ 9161 ਬਰਾਮਦ ਹੋਏ ਹਨ, ਜਿਨ੍ਹਾਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਨ੍ਹਾਂ ਦੇ ਨਾਲ ਗੁਰਪ੍ਰੀਤ ਸਿੰਘ ਉਰਫ ਗੁਰੀ ਪੁੱਤਰ ਬਲਕਾਰ ਸਿੰਘ ਵਾਸੀ ਪਿੰਡ ਪੱਲਾ ਮੇਘਾ ਵੀ ਹੈ, ਜਿਸ ਦੇ ਘਰ ਛਾਪੇਮਾਰੀ ਕੀਤੀ ਗਈ, ਜੋ ਘਰ ਨਹੀਂ ਮਿਲਿਆ, ਜਿਸ ਦੇ ਘਰੋਂ 2 ਲੱਖ ਰੁਪਏ ਬਰਾਮਦ ਹੋਏ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# 3 ਕੁਇੰਟਲ 25 ਕਿੱਲੋ ਭੁੱਕੀ ਸਮੇਤ ਦੋ ਐਂਬੂਲੈਂਸ ਸਵਾਰ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਬਸੀ ਪਠਾਣਾਂ ਪੁਲਸ ਵੱਲੋਂ ਐਂਬੂਲੈਂਸ 'ਚ ਸਵਾਰ ਦੋ ਵਿਅਕਤੀ

25-July-PAGE-11-Majha-23.qxd 7/24/2023 10:49 PM Page 1



# ਪੰਚਾਇਤੀ ਜ਼ਮੀਨ 'ਚ ਕਿਸਾਨ ਵੱਲੋਂ ਦੂਜੀ ਵਾਰ ਲਾਇਆ ਝੋਨਾ ਵੀ ਡੁੱਬਿਆ

## ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਨੇੜਲੇ ਘਰਾਂ ਦਾ ਹੋ ਰਿਹਾ ਵੱਡਾ ਨੁਕਸਾਨ

ਬਾਬਾ ਬਕਾਲਾ ਸਾਹਿਬ/ਅੰਮ੍ਰਿਤਸਰ) (ਜਸਬੀਰ ਸਿੰਘ ਪੱਟੀ)-ਸਬ-ਡਵੀਜ਼ਨ ਬਾਬਾ ਬਕਾਲਾ ਸਾਹਿਬ ਬਲਾਕ ਰਈਆ ਦੇ ਪਿੰਡ ਭਿੰਡਰ ਜਿਸਦੀ ਕਿ ਗ੍ਰਾਮ ਪੰਚਾਇਤ ਦੀ ਆਪਣੀ ਪੰਚਾਇਤੀ ਜ਼ਮੀਨ ਦੀ ਆਮਦਨ ਸਲਾਨਾ 1500000 ਲੱਖ ਰੁਪਏ ਦੇ ਕਰੀਬ ਹੈ ਜਿਸ ਵਿੱਚ ਕਿ ਇਕ ਕਿਸਾਨ ਰਘਬੀਰ ਸਿੰਘ ਵਾਸੀ ਭਿੰਡਰ ਨੇ ਕੁਲ ਆਮਦਨ ਦਾ ਤੀਜੇ ਤੋਂ ਜ਼ਿਆਦਾ ਹਿੱਸਾ ਛੇ ਲੱਖ ਰੁਪਏ ਦੀ ਬੋਲੀ ਦੇ ਕੇ ਅੱਠ ਏਕੜ ਪੰਚਾਇਤੀ ਜ਼ਮੀਨ ਪਟੇ ਤੇ ਲਈ ਹੈ ਜੋ ਕਿ ਹੁਣ ਤੱਕ ਦੀ ਪਿੰਡ ਦੀ ਸੱਭ ਤੋਂ ਉੱਚੀ ਬੋਲੀ ਰਹੀ ਹੈ। ਇਸ ਸਾਰੇ ਬਾਰੇ ਪੱਤਰਕਾਰਾਂ ਨੂੰ ਜਾਣੂ ਕਰਵਾਉਦਿਆਂ ਲੋਕਾਂ ਦੇ ਸੇਵਕ ਚਰਨਦੀਪ ਸਿੰਘ ਭਿੰਡਰ (ਲੋਕ ਇਨਸਾਫ ਪਾਰਟੀ) ਨੇ ਕਿਹਾ ਕਿ ਇਸ ਵਾਰ ਜੋ 4 ਜੁਲਾਈ 2023 ਤੋਂ 8 ਜੁਲਾਈ 2023 ਤੱਕ ਭਾਰੀ ਬਾਰਿਸ਼ ਹੋਈ ਸੀ ਪਰ ਪਿੰਡ ਦੇ ਨਿਕਾਸੀ ਨਾਲੇ ਅਤੇ ਡਰੇਨ ਦੀ ਸਫ਼ਾਈ ਨਾ ਹੋਈ ਹੋਣ ਕਾਰਨ ਪਿੰਡ ਵਿੱਚ ਹੜ੍ਹਾਂ ਵਰਗੀ ਸਥਿਤੀ ਬਣ ਗਈ ਸੀ। ਜਿਸ ਕਾਰਨ ਜਿੱਥੇ ਫਿਰਨੀ ਦੇ ਨਾਲ ਲੱਗਦੇ ਕੁਝ ਮਜ਼ਦੂਰ ਪਰਿਵਾਰਾਂ ਦੀਆਂ ਗਾਰੇ ਇੱਟਾਂ ਨਾਲ ਚਿਣੀਆਂ ਹੋਈਆਂ ਕੰਧਾਂ ਨੂੰ ਪਾਣੀ ਲੱਗ ਗਿਆ ਸੀ ਉੱਥੇ ਕਿਸਾਨਾਂ ਦੇ ਝੋਨੇ ਵੀ ਉਦੋਂ ਦੇ ਹੀ ਡੁੱਬੇ ਹੋਏ ਹਨ। ਪਾਣੀ ਦੀ ਲਗਾਤਾਰ ਪੰਦਰਾਂ ਵੀਹ ਦਿਨ ਖਲੋਤ ਕਾਰਨ ਅਤੇ ਉਪਰੋਂ ਤਾਪਮਾਨ ਦੇ ਗਰਮ ਹੋਣ ਕਾਰਨ ਸੱਭ ਤੋਂ ਜ਼ਿਆਦਾ ਨੁਕਸਾਨ ਭਿੰਡਰ ਪਿੰਡ ਦੇ ਕਿਸਾਨ ਗੁਰਪ੍ਰੀਤ ਸਿੰਘ ਤੇ ਉਸਦੇ ਪਿਤਾ ਰਘਬੀਰ ਸਿੰਘ ਦਾ ਹੋਇਆ ਹੈ ਜਿਨ੍ਹਾਂ ਨੇ ਕਿ ਛੇ ਲੱਖ ਰੁਪਏ ਦੀ ਪੰਚਾਇਤੀ ਬੋਲੀ ਦੇ ਕੇ ਅੱਠ ਏਕੜ ਪੰਚਾਇਤੀ ਜ਼ਮੀਨ ਪਟੇ ਤੇ ਲਈ ਸੀ। ਇਸ ਨੁਕਸਾਨ ਦੀ ਵਜ੍ਹਾ ਗ੍ਰਾਮ ਪੰਚਾਇਤ ਭਿੰਡਰ ਉੱਪਰ ਲੱਗੇ ਹੋਏ ਪ੍ਰਬੰਧਕ ਅਤੇ ਭਿੰਡਰ ਪਿੰਡ ਦੀ ਸਬ-ਪੰਚਾਇਤ (ਲੱਖਾ ਸਿੰਘ ਵਾਲਾ ਪੰਚਾਇਤ) ਦੇ ਕੁੰਭਕਰਨੀ ਨੀਦ ਸੁੱਤੇ ਹੋਏ ਹੋਣ ਕਾਰਨ ਹੋਇਆ ਹੈ। ਜੋ ਕਿ ਪੰਚਾਇਤੀ ਖੇਤਾਂ ਵਿਚਲੇ ਬਾਰਿਸ਼ ਦੇ ਪਾਣੀ ਦਾ ਕਿਸੇ ਵੀ ਬੰਨੇ ਨਿਕਾਸ ਨਾ ਹੋਣ ਕਾਰਨ ਝੋਨਾ ਗਲ ਜਾਣ ਤੋਂ ਬਾਅਦ 18 ਜੁਲਾਈ ਨੂੰ ਬਾਰਿਸ਼ ਦੇ ਪੰਦਰਾਂ ਦਿਨ ਬਾਅਦ ਵੀ ਫੁੱਟ-ਫੁੱਟ ਪਾਣੀ ਖੜਾ ਸੀ ਜੋ ਕਿ ਉਸੇ ਖੜੇ ਪਾਣੀ ਨਾਲ ਕਿਸਾਨ ਗੁਰਪ੍ਰੀਤ ਸਿੰਘ ਵੱਲੋਂ ਕੱਦੂ ਕਰਕੇ 20 ਜੁਲਾਈ ਵੀਰਵਾਰ ਨੂੰ ਦੁਬਾਰਾ ਝੋਨਾ ਲਗਾਇਆ ਸੀ ਜੋ ਕਿ ਬੀ.ਡੀ.ਪੀ.ਓ ਦਫ਼ਤਰ ਦੇ ਪ੍ਰਬੰਧਕ ਵੱਲੋਂ ਅੱਜ ਤੱਕ ਵੀ ਪਾਣੀ ਦੀ ਟੈਂਪਰੇਰੀ ਨਿਕਾਸੀ ਦਾ ਵੀ ਪ੍ਰਬੰਧ ਨਾ ਕਰਨ ਕਾਰਨ ਕੱਲ 22 ਜੁਲਾਈ ਸ਼ਨੀਵਾਰ ਨੂੰ ਹੋਈ ਬਾਰਿਸ਼ ਕਾਰਨ ਗੁਰਪ੍ਰੀਤ ਸਿੰਘ ਦੇ ਪੰਚਾਇਤੀ ਖੇਤ ਦੂਬਾਰਾ ਛੱਪੜ ਦਾ ਰੂਪ ਧਾਰਨ ਕਰ ਗਏ ਹਨ। ਖਬਰ ਲਿਖੇ ਜਾਣ ਤੱਕ ਬੀ.ਡੀ.ਪੀ.ਓ ਦਫ਼ਤਰ ਦੇ ਪ੍ਰਬੰਧਕ ਨੇ ਮੌਕਾ ਤਾ ਦੇਖ ਲਿਆ ਸੀ ਪਰ ਕੱਚੇ ਨਾਲੇ ਨੂੰ ਖਲਾਉਣ ਵਾਸਤੇ ਤੇ ਪਾਣੀ ਕਰਾਂਸਿੰਗ ਕਰਨ ਵਾਸਤੇ ਕੋਈ ਮਸ਼ੀਨਰੀ ਦਾ ਪ੍ਰਬੰਧ ਨਹੀ ਕੀਤਾ ਸੀ। ਭਿੰਡਰ ਨੇ ਕਿਹਾ ਕਿ ਇਹ ਸਭ ਪ੍ਰਬੰਧਕ ਲਗਵਾਉਣ ਵਾਲੇ ਆਮ ਆਦਮੀ ਪਾਰਟੀ ਦੇ ਵਰਕਰਾਂ ਦੀ ਨਲਾਇਕੀ ਅਤੇ ਸਰਕਾਰ ਦੇ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਭਲਾਈ ਹਿੱਤ ਕੋਈ ਦਿਲਚਸਪੀ ਨਾ ਹੋਣਾ ਜਗ ਜ਼ਾਹਿਰ ਕਰਦਾ ਹੈ। ਸੜਕ ਦੇ ਨਾਲ ਚੱਲਦੇ ਕੱਚੇ ਨਾਲੇ ਦੇ ਉਪੱਰ ਵੱਸਦੇ ਮਜ਼ਦੂਰ ਪਰਿਵਾਰਾਂ ਜੋ ਕਿ ਮੌਕੇ ਤੇ ਇਕੱਠੇ ਹੋ ਕੇ ਹਾਜ਼ਰ ਸਨ ਨੇ ਪੱਤਰਕਾਰਾਂ ਨੂੰ ਜਾਣੂ ਕਰਵਾਇਆ ਕਿ ਸਾਡੇ ਪਿੰਡ ਦੀ ਸਾਲ ਦੀ ਆਪਣੀ ਆਮਦਨ 1500000 ਲੱਖ ਰੁਪਏ ਹੋਣ ਦੇ ਬਾਵਜੂਦ ਵੀ ਸਾਡੇ ਘਰਾਂ ਦੇ ਅੱਗਿਓਂ ਦੀ ਜਾਂਦਾ ਨਾਲਾ ਅਜੇ ਤੱਕ ਕੱਚਾ ਹੈ ਜੋ ਕਿ ਬਰਸਾਤਾਂ ਵਿੱਚ ਸਾਡੇ ਘਰਾਂ ਦੀਆਂ ਕੰਧਾਂ ਦਾ ਨੁਕਸਾਨ ਕਰਦਾ ਹੈ। ਮਜ਼ਦੂਰ ਪਰਿਵਾਰਾਂ ਨੇ ਪੰਚਾਇਤ ਵਿਭਾਗ ਦੇ ਉੱਚ ਅਫ਼ਸਰਾਂ ਨੂੰ ਅਪੀਲ ਕੀਤੀ ਕਿ ਘਰਾਂ ਦੇ ਅੱਗਿਓਂ ਦੀ ਜਾਂਦਾ ਛੋਟਾ ਨਾਲਾ ਪਹਿਲਾਂ ਸਾਫ਼ ਕਰਵਾਇਆ ਜਾਵੇ ਅਤੇ ਬਾਅਦ ਵਿੱਚ ਪੱਕਾ ਕਰਵਾਇਆ ਜਾਵੇ। ਘਰਾਂ ਦੇ ਮੁੱਖੀਆਂ ਅਤੇ ਭਿੰਡਰ ਨੇ ਪੰਚਾਇਤੀ ਜਮੀਨ ਠੇਕੇ ਤੇ ਲੈਣ ਵਾਲੇ ਕਿਸਾਨਾਂ ਦੀ ਭਲਾਈ ਲਈ ਪੰਚਾਇਤ ਵਿਭਾਗ ਨੂੰ ਅਪੀਲ ਕੀਤੀ ਕਿ ਘਰਾਂ ਦੇ ਸਾਹਮਣੇ ਸੜਕ ਤੋਂ ਦੂਜੀ ਸਾਈਡ ਜੋ ਪੰਚਾਇਤੀ ਜਮੀਨ ਵਿੱਚ ਬਾਰ-ਬਾਰ ਝੋਨਾ ਡੁੱਬ ਰਿਹਾ ਹੈ ਉਸਦੇ ਬਰਸਾਤ ਦੇ ਪਾਣੀ ਦੀ ਨਿਕਾਸੀ ਲਈ ਖੇਤਾਂ ਵਾਲੇ ਪਾਸੇ ਦੀ ਨਾਲਾ ਬਣਾ ਕੇ ਕਿਸਾਨ ਦੇ ਖੇਤਾਂ ਵਿੱਚ ਪਾਣੀ ਦਾ ਸੁਚੱਜਾ ਨਿਕਾਸ ਕਰਵਾਇਆ ਜਾਵੇ। ਇਸ ਮੌਕੇ ਭਿੰਡਰ ਤੋਂ ਇਲਾਵਾ ਮਨਜਿੰਦਰ ਸਿੰਘ ਭਿੰਡਰ ਅਤੇ ਲਾਲੀ ਭਿੰਡਰ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਜਿਲ੍ਹੇ ਦੇ ਉੱਚ ਅਫ਼ਸਰਾਂ ਨੂੰ ਮਿਲ ਕੇ ਵੀ ਇਹ ਸਭ ਬਾਰੇ ਜਾਣੂ ਕਰਵਾ ਕਿ ਪਿੰਡ ਦੇ ਪਾਣੀ ਦੇ ਨਿਕਾਸ ਦਾ ਯੋਗ ਪ੍ਰਬੰਧ ਕਰਵਾਵਾਂਗੇ।

ਇਸ ਮੌਕੇ ਨੇੜਲੇ ਘਰਾਂ ਵਿੱਚੋਂ ਗੁਰਮੀਤ ਕੌਰ, ਰਾਣੀ ਕੌਰ, ਸਤਨਾਮ ਸਿੰਘ, ਲਵਲੀ ਕੌਰ, ਹਰਜੀਤ ਕੌਰ, ਮੰਗਾ ਸਿੰਘ, ਮਨਦੀਪਕੌਰ, ਪੱਲਵੀ, ਅਮਰਜੀਤ ਕੌਰ, ਬਲਵਿੰਦਰ ਕੌਰ, ਮਨਦੀਪ ਕੌਰ, ਜਸਬੀਰ ਕੌਰ, ਜਿੰਦਰ ਕੌਰ ਅਤੇ ਕਿਸਾਨ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਗੁਰੂ ਨਾਨਕ ਕਾਲਜ ਬਟਾਲਾ ਦੀ ਲਵਜੋਤ ਕੌਰ ਬਣੀ ਯੂਨੀਵਰਸਿਟੀ ਟਾਪਰ

**ਬਟਾਲਾ (ਤਰਲੋਕ ਬੱਗਾ)**-ਗੁਰੂ ਨਾਨਕ ਕਾਲਜ, ਬਟਾਲਾ ਦੀ ਪੰਜਾਬ ਵਿਭਾਗ ਦੀ ਵਿਦਿਆਰਥਣ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਐਲਾਨ ਗਏ ਨਤੀਜਿਆਂ ਵਿਚ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਜਿਕਰਯੋਗ ਹੈ ਕਿ ਵਿਦਿਆਰਥਣ ਲਵਜੋਤ ਕੌਰ ਨੇ ਐੱਮ. ਏ. ਪੰਜਾਬੀ ਸਮੈਸਟਰ ਦੂਜਾ ਵਿੱਚ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ (ਡਿਸਟਿੰਗਕਸ਼ਨ) ਹਾਸਿਲ ਕੀਤਾ। ਲਵਜੋਤ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਗੁਰੂ ਨਾਨਕ ਕਾਲਜ , ਬਟਾਲਾ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਨੂੰ ਰੌਸ਼ਨ ਕਰਦਿਆਂ ਆਪਣੀ ਬੇਮਿਸਾਲ ਪ੍ਰਤਿਭਾ ਦਾ ਪ੍ਰਮਾਣ ਪੇਸ਼ ਕੀਤਾ।

ਇਸ ਮੌਕੇ ਕਾਲਜ ਵੱਲੋਂ ਲਵਜੋਤ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਪ੍ਰੋ ਧਿਆਨ ਸਿੰਘ ਸੰਧੂ ਨੇ ਵਿਦਿਆਰਥਣ ਨੂੰ ਮੁਬਾਰਕਬਾਦ ਦਿੰਦਿਆਂ ਬਿਹਤਰ ਭਵਿੱਖ ਲਈ ਸ਼ੁਭਕਾਮਨਾਵਾ ਦਿੱਤੀਆਂ ਅਤੇ ਕਿਹਾ ਕਿ ਇਹ ਪ੍ਰਾਪਤੀ ਸਾਡੇ ਲਈ ਮਾਣ ਤੇ ਸਨਮਾਨ ਵਾਲੀ ਗੱਲ ਹੈ ਜਿਸ ਦਾ ਸਿਹਰਾ ਮਿਹਨਤੀ ਅਧਿਆਪਕਾਂ ਤੇ ਵਿਦਿਆਰਥਣ ਲਵਜੋਤ ਕੌਰ ਨੂੰ ਜਾਂਦਾ ਹੈ ਕਿਉਂਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋ ਐਲਾਨੇ ਗਏ ਨਤੀਜਿਆਂ ਵਿਚੋ ਪਹਿਲੀ ਪੁਜੀਸਨ ਸਾਡੇ ਲਈ ਹੋਰ ਵੀ ਊਰਜਾ ਦਾ ਸਬੱਬ ਬਣੇਗੀ। ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਬੀਰ ਸਿੰਘ ਬਰਾੜ ਨੇ ਕਿਹਾ ਕਿ ਇਹ ਪ੍ਰਾਪਤੀ ਲਵਜੋਤ ਕੌਰ ਦੀ ਮਿਹਨਤ ਤੇ ਲਗਨ ਦਾ ਹੀ ਸਿੱਟਾ ਹੈ। ਇਸ ਮੌਕੇ ਸਮੂਹ ਸਟਾਫ ਵੱਲੋਂ ਵਿਦਿਆਰਥਣ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਪ੍ਰੋ. ਨਵਤੇਜ ਕੌਰ ਬੇਦੀ ਪ੍ਰੋ. ਰਾਜਬੀਰ ਰੰਧਾਵਾ, ਪ੍ਰੋ. ਅਮਨਪ੍ਰੀਤ ਕੌਰ, ਨਜਿੰਦਰਪਾਲ ਸਿੰਘ, ਸੂਰਜ ਪ੍ਰਕਾਸ਼ ਸਿੰਘ, ਕਸ਼ਮੀਰ ਸਿੰਘ ਤੋਂ ਇਲਾਵਾ ਸਮੁੱਚਾ ਸਟਾਫ ਹਾਜ਼ਰ ਸੀ

# ਰਾਵੀ ਦਰਿਆ ਦੇ ਪਾਣੀ ਦੀ ਮਾਰ ਹੇਠ ਇਲਾਕੇ 'ਚ ਜ਼ਿਲ੍ਹਾ ਪ੍ਰਸ਼ਾਸਨ ਦੇ ਰਾਹਤ ਕਾਰਜ ਜਾਰੀ

## ਘਣੀਏ ਕੇ ਬੇਟ ਇਲਾਕੇ 'ਚ ਲੋਕਾਂ ਨਾਲ ਸੰਪਰਕ ਕਰਕੇ ਵੰਡੀ ਜਾ ਰਹੀ ਹੈ ਰਾਹਤ ਸਮੱਗਰੀ

ਡੇਰਾ ਬਾਬਾ ਨਾਨਕ (ਰਮੇਸ ਸਰਮਾਂ)- ਬੀਤੇ ਦਿਨੀਂ ਹੋਈ ਭਾਰੀ ਬਾਰਸ਼ ਅਤੇ ਦਰਿਆ ਉੱਜ ਰਾਹੀਂ ਆਏ ਪਾਣੀ ਕਾਰਨ ਰਾਵੀ ਦਰਿਆ ਦੇ ਨਾਲ ਲੱਗਦੇ ਕੁਝ ਨੀਵੇਂ ਇਲਾਕਿਆਂ ਵਿੱਚ ਪਾਣੀ ਭਰਨ ਤੋਂ ਬਾਅਦ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਨ੍ਹਾਂ ਇਲਾਕਿਆਂ ਵਿੱਚ ਰਾਹਤ ਕਾਰਜ ਲਗਾਤਾਰ ਜਾਰੀ ਹਨ। ਜ਼ਿਲ੍ਹਾ ਪ੍ਰਸ਼ਾਸਨ ਦੀਆਂ ਰਾਹਤ ਟੀਮਾਂ ਵੱਲੋਂ ਜਿਥੇ ਮਕੌੜਾ ਪੱਤਣ ਤੋਂ ਪਾਰ ਬਲਜ ਏਰੀਏ ਦੀ ਵਜੋਂ ਨਾਲ ਲਗਾਤਾਰ ਸੰਪਰਕ ਕਰਕੇ ਉਨ੍ਹਾਂ ਤੱਕ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ ਓਥੇ ਡੇਰਾ ਬਾਬਾ ਨਾਨਕ ਨਜ਼ਦੀਕ ਰਾਵੀ ਦਰਿਆ ਤੋਂ ਪਾਰ ਪਿੰਡ ਘਣੀਏ-ਕੇ-ਬੇਟ ਇਲਾਕੇ ਵਿੱਚ ਵੀ ਲਗਾਤਾਰ ਲੋਕਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਰਾਹਤ ਸਮੱਗਰੀ ਵੰਡੀ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਐੱਸ.ਐੱਸ.ਪੀ. ਗੁਰਦਾਸਪੁਰ ਹਰੀਸ਼ ਦਾਯਮਾ, ਐੱਸ.ਐੱਸ.ਪੀ. ਬਟਾਲਾ ਮੈਡਮ ਅਸ਼ਵਨੀ ਗੋਤਿਆਲ, ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ. ਰਵਿੰਦਰਪਾਲ ਸਿੰਘ ਸੰਧੂ, ਐੱਸ.ਡੀ.ਐੱਮ. ਦੀਨਾਨਗਰ ਅਰਵਿੰਦ ਕੁਮਾਰ ਅਤੇ ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਅਸ਼ਵਨੀ ਅਰੋੜਾ ਦੀ ਅਗਵਾਈ ਹੇਠ ਸਿਵਲ ਤੇ ਪੁਲਸ ਵਿਭਾਗ ਦੀਆਂ ਰਾਹਤ ਟੀਮਾਂ ਲਗਾਤਾਰ ਕੰਮ ਕਰ ਰਹੀਆਂ ਹਨ। ਇਨ੍ਹਾਂ ਰਾਹਤ ਕਾਰਜਾਂ ਵਿੱਚ ਬੀ.ਐੱਸ.ਐੱਫ ਦੇ ਜਵਾਨਾਂ ਵੱਲੋਂ ਵੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ। ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਅਸ਼ਵਨੀ ਅਰੋੜਾ ਨੇ ਦੱਸਿਆ ਕਿ ਪ੍ਰਭਾਵਤ ਪਿੰਡਾਂ ਵਿੱਚ ਲੋਕਾਂ ਨੂੰ ਖਾਣ-ਪੀਣ ਦੀ ਸਮੱਗਰੀ ਦੇਣ ਦੇ ਨਾਲ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਵਿਸ਼ੇਸ਼ ਕੈਂਪ ਲਗਾ ਕੇ ਉਨ੍ਹਾਂ ਨੂੰ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

ਵੈਟਰਨਰੀ ਡਾਕਟਰਾਂ ਦੀ ਟੀਮ ਵੱਲੋਂ ਪਸ਼ੂਆਂ ਦੀਆਂ ਬਿਮਾਰੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਧਿਕਾਰੀ ਲਗਾਤਾਰ ਪ੍ਰਭਾਵਤ ਖੇਤਰ ਵਿੱਚ ਜਾ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣ ਰਹੇ ਹਨ ਅਤੇ ਜੋ ਵੀ ਉਨ੍ਹਾਂ ਦੀ ਲੋੜ ਹੈ ਉਸ ਨੂੰ ਪੂਰਾ ਕੀਤਾ ਜਾ ਰਿਹਾ ਹੈ। ਸ੍ਰੀ ਅਰੋੜਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮ ਹਰ ਸਮੇਂ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹੈ।

# ਮਝੈਲਾਂ ਦੀ ਸੱਥ ਸਾਹਿਤਕ ਸੰਸਥਾ ਵੱਲੋਂ ਵਿਸ਼ਾਲ ਕਵੀ ਦਰਬਾਰ ਆਯੋਜਿਤ

ਬਾਬਾ ਬਕਾਲਾ ਸਾਹਿਬ(ਨਿਰਮਲ ਸਿੰਘ ਸੰਘਾ-'ਮਝੈਲਾਂ ਦੀ ਸੱਥ' ਸਾਹਿਤਕ ਸੰਸਥਾ ਵੱਲੋਂ ਪਿੰਡ ਮੈਹਣੀਆਂ ਕੁਹਾਰਾਂ (ਅੰਮ੍ਰਿਤਸਰ) ਵਿਖੇ ਬਹੁਤ ਹੀ ਖੂਬਸੂਰਤ ਮਾਹੌਲ ਵਿੱਚ ਮਾਂ ਬੋਲੀ ਨੂੰ ਸਮਰਪਿਤ ਇੱਕ ਵਿਸ਼ਾਲ ਕਵੀ ਦਰਬਾਰ ਕਰਵਾਇਆ ਗਿਆ। ਪ੍ਰਧਾਨ ਡਾ: ਗਗਨ ਦੀ ਅਗਵਾਈ ਹੇਠ ਸਮੁੱਚੀ ਟੀਮ ਵੱਲੋਂ ਨਿਵੇਕਲੇ ਉੱਦਮ ਤਹਿਤ ਕਰਵਾਏ ਗਏ ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਦੀਪ ਦਵਿੰਦਰ ਸਿੰਘ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸੋਲਿੰਦਰਜੀਤ ਸਿੰਘ ਰਾਜਨ, ਦਰਗਾਹ ਬਾਬਾ ਜ਼ਾਹਰਾ ਪੀਰ ਦੇ ਮੁਖੀ ਬਾਬਾ ਰਵਗਿਰੀ ਜੀ, ਨਿਰਮਲ ਕੋਟਲਾ ਪ੍ਰਧਾਨ ਨਾਰੀ ਸਾਹਿਤਕ ਮੰਚ, ਵਿਜੇਤਾ ਭਾਰਦਵਾਜ ਜਰਨਲ ਸਕੱਤਰ ਸਾਹਿਤ ਸਭਾ ਪਟਿਆਲਾ, ਰਜਿੰਦਰ ਸਿੰਘ ਰਾਜ ਕਲਾਨੌਰ ਅਤੇ ਕਵੀ ਮੱਖਣ ਸਿੰਘ ਧਾਲੀਵਾਲ ਆਦਿ ਸੁਸ਼ੋਭਿਤ ਹੋਏ । ਪਿੰਡ ਮੈਹਣੀਆਂ ਕੁਹਾਰਾਂ ਦੇ ਸਰਪੰਚ ਜੋਗਿੰਦਰ ਸਿੰਘ ਅਤੇ ਪਤਵੰਤੇ ਸੱਜਣ ਪਵਨਬੀਰ ਸਿੰਘ, ਬੇਅੰਤ ਸਿੰਘ ਵਿਸੇਸ ਤੌਰ ਤੇ ਕਵੀ ਦਰਬਾਰ ਵਿਚ ਪਹੁੰਚੇ ਜਦਕਿ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਇਸ ਸਮਾਗਮ ਵਿਚ ਪ੍ਰਿੰ: ਰਘਬੀਰ ਸਿੰਘ ਸੋਹਲ, ਸੰਤੋਖ ਸਿੰਘ ਗੁਰਾਇਆ, ਡਾ: ਪਰਮਜੀਤ ਸਿੰਘ ਬਾਠ, ਮੱਖਣ ਸਿੰਘ ਭੈਣੀਵਾਲਾ, ਮੁਖਤਾਰ ਸਿੰਘ ਗਿੱਲ, ਜਸਪਾਲ ਸਿੰਘ ਧੂਲ਼ਕਾ, ਮੱਖਣ ਧਾਲੀਵਾਲ, ਸਤਨਾਮ ਸਿੰਘ ਸੱਤਾ ਜਸਪਾਲ, ਸਰਬਜੀਤ ਸਿੰਘ ਪੱਡਾ, ਨਵਜੋਤ ਕੌਰ ਨਵੂ ਭੁੱਲਰ, ਕੈਪਟਨ ਸਿੰਘ ਮਹਿਤਾ, ਅਮਨਪ੍ਰੀਤ ਸਿੰਘ, ਸਤਨਾਮ ਸਿੰਘ ਬਾਗੀਆ, ਜਸਮੇਲ ਸਿੰਘ ਜੋਧੇ, ਸਤਰਾਜ ਜਲਾਲਾਬਾਦੀ ਆਦਿ ਨੇ ਭਰਵੀ ਹਾਜ਼ਰੀ ਲਗਾਈ। ਕਵੀ ਦਰਬਾਰ ਵਿਚ ਉਕਤ ਕਵੀਜਨਾਂ ਤੋਂ ਇਲਾਵਾ ਗੁਰਦਾਸਪੁਰ ਤੋਂ ਪੁੱਜੇ ਕਵੀ ਗੁਰਪ੍ਰੀਤ ਰੰਗੀਨਪੁਰੀ, ਰਮੇਸ਼ ਜਾਨੂੰ, ਅਮਿਤ ਕਾਦੀਆਂ, ਸਾਬੂ ਲਾਧੂਪੁਰੀਆ, ਨਿਸ਼ਾਨ ਸਿੰਘ ਜੌੜਾ, ਹਰਦੀਪ ਸਿੰਘ ਮੀਆਂਕੋਟ, ਡਾ. ਨਰਿੰਦਰ ਬਾਠ, ਜ਼ਿਲ੍ਹਾ ਅੰਮ੍ਰਿਤਸਰ ਤੋਂ ਬਲਵਿੰਦਰ ਕੋਰ ਪੰਧੇਰ, ਡਾ. ਆਸ਼ੀਸ਼ ਮਧਾਰ , ਡਾ. ਰਾਕੇਸ਼ ਤਿਲਕ ਰਾਜ, ਗੀਤਕਾਰ ਬੱਲੀ ਜੇਠੂਵਾਲ ਹਾਜ਼ਰ ਸਨ। ਮਝੈਲਾਂ ਦੀ ਸੱਥ ਦੀ ਸਮੁੱਚੀ ਟੀਮ ਦਾ ਜੋਸ਼ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵੇਖਦਿਆਂ ਹੀ ਬਣਦਾ ਸੀ। ਮਝੈਲਾਂ ਦੀ ਸੱਥ ਤੋਂ ਗਾਇਕ ਅਕਾਸ਼ਦੀਪ, ਮਨਦੀਪ ਬੋਪਰਾਏ, ਰਾਜੀਵ ਮੈਹਣੀਆਂ, ਕਾਲਾ ਰਿਆਲੀ, ਸੁਰਜੀਤ ਅਸ਼ਕ, ਬਲਵਿੰਦ

25-July-Page-12.qxd 7/24/2023 10:56 PM Page 1



# ਅਧਿਆਪਕਾਂ ਨੂੰ ਬੀ ਐੱਲ ਓ ਡਿਊਟੀ ਤੋਂ ਤੁਰੰਤ ਰਲੀਵ ਕੀਤਾ ਜਾਵੇ : ਯੂਨੀਅਨ

**ਮਹਿਤਪੁਰ (ਰਾਜਾ)** ਗੌਰਮਿੰਟ ਟੀਚਰਜ ਯੂਨੀਅਨ ਪੰਜਾਬ (ਵਿਗਿਆਨਿਕ ) ਦੀ ਸੂਬਾ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਨਵਪ੍ਰੀਤ ਬੱਲੀ ਦੀ ਅਗਵਾਈ ਵਿੱਚ ਹੋਈ। ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ, ਪ੍ਰੈਸ ਸਕੱਤਰ ਐਨ ਡੀ ਤਿਵਾੜੀ ਨੇ ਦੱਸਿਆ ਕਿ ਮਨੀਪੁਰ ਵਿੱਚ ਲਗਾਤਾਰ ਹੋ ਰਹੀਆਂ ਹਿੰਸਕ ਘਟਨਾਵਾਂ ਵਿੱਚ ਜਿਸ ਪ੍ਰਕਾਰ ਦੇਸ਼ ਅਤੇ ਰਾਜ ਦੀ ਸੱਤਾਧਾਰੀ ਧਿਰ ਚੁੱਪ ਧਾਰੀ ਬੈਠੀ ਹੈ, ਉਹ ਦੇਸ਼ ਦੇ ਲੋਕਤੰਤਰੀ ਢਾਂਚੇ ਲਈ ਬਹੁਤ ਖਤਰਨਾਕ ਹੈ ਤੇ ਜਥੇਬੰਦੀ ਮਨੀਪੁਰ ਵਿਚ ਔਰਤਾਂ ਨਾਲ ਹੋ ਰਹੀ ਵਧੀਕੀਆਂ 'ਤੇ ਨਿੰਦਾ ਪ੍ਰਸਤਾਵ ਪਾਸ ਕਰਦੀ ਹੈ ਅਤੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜਾ ਦੇਣ ਦੀ ਮੰਗ ਕਰਦੀ ਹੈ। ਵਿੱਤ ਸਕੱਤਰ ਸੋਮ ਸਿੰਘ, ਸੀਨੀਅਰ ਮੀਤ ਪ੍ਰਧਾਨ ਬਿਕਰਮਜੀਤ ਸਿੰਘ , ਕੰਵਲਜੀਤ ਸੰਗੋਵਾਲ,ਜਤਿੰਦਰ ਸਿੰਘ ਸੋਨੀ , ਪ੍ਰਗਟ ਸਿੰਘ ਜੰਬਰ ਨੇ ਦੱਸਿਆ ਕਿ ਨਵੀਂ ਸਿੱਖਿਆ ਨੀਤੀ 2020 ਅਤੇ ਅਧਿਆਪਨ ਵਰਗ ਵਿੱਚ ਆ ਰਹੀਆਂ ਮੁਸ਼ਕਲਾਂ ਦੇ ਸੰਬੰਧ ਵਿੱਚ ਸਕੂਲ ਟੀਚਰਜ ਫੈਡਰੇਸ਼ਨ ਆਫ ਇੰਡੀਆ ਦੀ ਅਗਵਾਈ ਵਿੱਚ ਸੀਕਰ (ਰਾਜਸਥਾਨ ) ਵਿੱਚ ਤਿੰਨ ਰੋਜਾ ਸਕੂਲ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ (ਵਿਗਿਆਨਿਕ) ਪੰਜਾਬ ਦਾ ਵਫਦ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰੇਗਾ ਤਾਂ ਜੋ ਦੇਸ਼ ਭਰ ਵਿੱਚ ਅਧਿਆਪਕ/ਅਧਿਆਪਨ ਲਈ ਜੋ ਸਿੱਖਿਆ ਮਾਰੂ ਨੀਤੀਆਂ ਚਲ ਰਹੀਆਂ, ਉਹਨਾਂ 'ਤੇ ਵਿਚਾਰ ਚਰਚਾ ਕਰਕੇ ਇਨ੍ਹਾਂ ਨੀਤੀਆਂ ਦੇ ਖਿਲਾਫ ਸਮਾਜ ਨੂੰ ਜਾਗ੍ਰਿਤ ਕਰਕੇ ਲੋਕ ਲਹਿਰ ਉਸਾਰੀ ਜਾ ਸਕੇ। ਇਸ ਮੌਕੇ ਮਾਸਟਰ ਕਾਡਰ/ਪ੍ਰਾਇਮਰੀ ਕਾਡਰ ਦੀਆਂ ਸੀਨੀਆਰਤਾ ਸੂਚੀਆਂ ਨੂੰ ਠੀਕ ਕਰਨ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ ਅਤੇ ਉੱਚ ਸਿੱਖਿਆ ਅਧਿਕਾਰੀਆਂ ਨਾਲ ਮੀਟਿੰਗਾਂ ਕਰਕੇ ਇਸ ਸੀਨੀਆਰਤਾ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਅਤੇ ਸਹੀ ਤਰਤੀਬਵਾਰ ਪਰਮੋਸ਼ਨ ਚੈਨਲ ਬਹਾਲ ਕਰਨ ਤੇ ਪੂਰਾ ਪਹਿਰਾ ਦਿੱਤਾ ਜਾਵੇਗਾ। ਜਗਤਾਰ ਸਿੰਘ, ਸੁੱਚਾ ਸਿੰਘ ਚਹਿਲ, ਗੁਰਮੀਤ ਸਿੰਘ ਖਾਲਸਾ ਨੇ ਕਿਹਾ ਕਿ ਮਿਡ ਡੇ ਮੀਲ ਦੀ ਵਰਤੋਂ ਲਈ ਐਲੂਮੀਨੀਅਮ ਦੇ ਬਰਤਨ ਬੰਦ ਕਰਨ ਤੋਂ ਪਹਿਲਾਂ ਸਟੀਲ ਜਾਂ ਸਿਹਤ ਲਈ ਠੀਕ ਹੋਰ ਭਾਂਡੇ ਖਰੀਦਣ ਲਈ ਸਰਕਾਰ ਫੰਡ ਦਾ ਪ੍ਰਬੰਧ ਕਰੇ ਤਾਂ ਜੋ ਸਕੂਲ ਜਲਦ ਤੋਂ ਜਲਦ ਇਹ ਬਰਤਨ ਖਰੀਦ ਕੇ ਮਿਡ ਡੇ ਮੀਲ ਦਾ ਕਾਰਜ ਸਹੀ ਤਰਤੀਬ ਨਾਲ ਚਲਾ ਸਕਣ। ਰਣਜੀਤ ਸਿੰਘ ਰਬਾਬੀ, ਰੇਸ਼ਮ ਸਿੰਘ , ਰਸ਼ਪਿੰਦਰ ਪਾਲ ਸੋਨੂੰ ਨੇ ਕਿਹਾ ਕਿ ਇਕ ਪਾਸੇ ਸਿੱਖਿਆ ਮੰਤਰੀ ਕਹਿ ਰਹੇ ਹਨ ਕਿ ਅਧਿਆਪਕਾਂ ਤੋਂ ਗੈਰ ਵਿੱਦਿਅਕ ਕਾਰਜ ਨਹੀਂ ਲਏ ਜਾਣਗੇ ਅਤੇ ਅਧਿਆਪਕ ਵਰਗ ਸਿੱਖਿਆ ਉੱਤੇ ਹੀ ਫੋਕਸ ਕਰੇਗਾ ਤਾਂ ਜੋ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਦੇਸ਼ ਭਰ ਲਈ ਇਕ ਵਿਲੱਖਣ ਸੂਬਾ ਬਣ ਸਕੇ ,ਪਰ ਦੂਜੇ ਪਾਸੇ 80 % ਅਧਿਆਪਕ ਬੀ ਐਲ ਓ ਦੀਆਂ ਡਿਊਟੀਆਂ ਜੋ ਕਿ ਇੱਕ ਮਹੀਨੇ ਲਈ ਘਰੋਂ ਘਰੀ ਸਰਵੇਖਣ ਕਰਨ ਤੇ ਲੱਗੀਆਂ ਹਨ ਵਿੱਚ ਉਲਝਿਆ ਪਿਆ ਹੈ ਅਤੇ ਦੂਜੇ ਪਾਸੇ ਪੀਐਮ ਬੀਮਾ ਯੋਜਨਾ ਅਧੀਨ ਸਕੂਲਾਂ ਨੂੰ ਹਜਾਰਾਂ ਦੀ ਗਿਣਤੀ ਵਿੱਚ ਬੀਮੇ ਕਰਵਾਉਣ ਦੇ ਟੀਚੇ ਦਿੱਤੇ ਜਾ ਰਹੇ ਹਨ। ਇਸ ਲਈ ਜਥੇਬੰਦੀ ਮੰਗ ਕਰਦੀ ਹੈ ਕਿ ਅਧਿਆਪਕਾਂ ਨੂੰ ਗੈਰ ਵਿੱਦਿਅਕ ਕਾਰਜ ਬੀਐਲਓ ਡਿਊਟੀ ਤੋਂ ਤੁਰੰਤ ਰਲੀਵ ਕੀਤਾ ਜਾਵੇ ਅਤੇ ਬੀਮੇ ਦੀਆਂ ਪਾਲਿਸੀਆਂ ਕਰਵਾਉਣ ਦਾ ਕੰਮ ਅਧਿਆਪਕ ਵਰਗ ਤੋਂ ਨਾ ਕਰਵਾਇਆ ਜਾਵੇ। ਇਸ ਮੌਕੇ ਨਵਦੀਪ ਸਿੰਘ, ਸੰਜੇ ਕੁਮਾਰ ਆਦਿ ਅਧਿਆਪਕ ਆਗੂ ਸ਼ਾਮਿਲ ਸਨ।

## ਆਸ਼ਾ ਰਾਣੀ ਮੰਦਰ ਪ੍ਰਬੰਧਕ ਕਮੇਟੀ ਵੱਲੋਂ 47ਵਾਂ ਸਾਲਾਨਾ ਭੰਡਾਰਾ

**ਸੁਲਤਾਨਪੁਰ ਲੋਧੀ, ( ਹਨੀ )**-ਪਾਵਨ ਨਗਰੀ ਦੇ ਇਤਿਹਾਸਕ ਤੇ ਪ੍ਰਾਚੀਨ ਆਸ਼ਾ ਰਾਣੀ ਮੰਦਿਰ ਵਿਖੇ 47ਵਾਂ ਸਲਾਨਾ ਭੰਡਾਰਾ ਪ੍ਰਧਾਨ ਤਿਲਕ ਰਾਜ ਜੋਸ਼ੀ ਦੀ ਅਗਵਾਈ ਹੇਠ ਬਹੁਤ ਹੀ ਸ਼ਰਧਾ ਪੂਰਵਕ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮਾਂ ਦੇ ਸੱਜੇ ਪਾਵਨ ਸੁੰਦਰ ਦਰਬਾਰ ਵਿੱਚ ਮੁੱਖ ਮਹਿਮਾਨ ਵਜੋਂ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਸ਼ਿਰਕਤ ਕੀਤੀ ਕੀਤੀ ਤੇ ਮਾਂ ਭਗਵਤੀ ਦੀ ਪਾਵਨ ਜੋਤ ਦੇ ਅੱਗੇ ਸਮੂਹ ਹਲਕੇ ਦੇ ਲੋਕਾਂ ਦੀ ਖੁਸ਼ੀ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਜਲਦ ਤੋਂ ਜਲਦ ਮੁਸ਼ਕਲ ਦੂਰ ਕਰਨ ਦੀ ਪ੍ਰਾਰਥਨਾ ਕੀਤੀ। ਪ੍ਰਬੰਧਕ ਕਮੇਟੀ ਦੇ ਖਜਾਨਚੀ ਵਰਿੰਦਰ ਸਲਪੋਨਾ, ਪ੍ਰੋਫੈਸਰ ਵਿਜੈ ਬਾਂਸਲ ਅਤੇ ਓਂਕਾਰ ਧੀਰ ਨੇ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੂੰ ਮਾਂ ਦੀ ਚੁਨਰੀ ਦੇ ਕੇ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਪ੍ਰੋਹਿਤ ਦਿਨੇਸ਼ ਨੇ ਵਿਧੀ ਪੂਰਵਕ ਪੂਜਾ ਅਰਚਨਾ ਕਾਰਵਾਈ ਤੇ ਮਾਂ ਦੀ ਪਾਵਨ ਜੋਤ ਦਾ ਪ੍ਰਕਾਸ਼ ਕੀਤਾ। ਇਸ ਮੌਕੇ ਪਹੁੰਚੇ ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਰਾਕੇਸ਼ ਨੀਟੂ , ਭਾਜਪਾ ਦੇ ਆਗੂ ਪਵਨ ਸੇਠੀ ਤੇ ਹੋਰ ਸ਼ਖਸੀਅਤਾਂ ਨੂੰ ਵੀ ਚੁੰਨਰੀ ਦੇ ਕੇ ਸਨਮਾਨਿਤ ਕੀਤਾ। ਇਸ ਉਪਰੰਤ ਵਿਸ਼ਾਲ ਭੰਡਾਰਾ ਭਗਤਾਂ ਨੂੰ ਵਰਤਾਇਆ ਗਿਆ।

# ਗਦਰੀਆਂ ਦੇ ਅਧੂਰੇ ਕਾਰਜ ਪੂਰੇ ਕਰਨ ਦਾ ਸੱਦਾ

**ਜਲੰਧਰ (ਕੇਸਰ)**- ਮਹਾਨ ਦੇਸ਼ ਭਗਤ ਇਨਕਲਾਬੀ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਦੀ ਬਰਸੀ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਬਾਬਾ ਵਸਾਖਾ ਸਿੰਘ ਦਦੇਹਰ ਹਾਲ ਵਿੱਚ ਕਮੇਟੀ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ ਹੇਠ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੀਨੀਅਰ ਟਰੱਸਟੀ ਰਣਜੀਤ ਸਿੰਘ ਔਲਖ ਤੇ ਸੁਰਿੰਦਰ ਕੁਮਾਰੀ ਕੋਛੜ ਨੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਹਿੰਦੁਸਤਾਨ ਨਹੀਂ ਉਸਰਿਆ। ਗ਼ਦਰੀ ਤਾਂ ਮਨੁੱਖ ਦੀ ਬਰਾਬਰਤਾ ਵਾਲਾ ਸਮਾਜ ਉਸਾਰਨ ਵਾਸਤੇ ਵਿਦੇਸ਼ਾਂ ਵਿੱਚ ਆਪਣੇ ਲੱਖਾਂ ਦੇ ਕਾਰੋਬਾਰ ਛੱਡ ਕੇ ਆਏ ਸਨ। ਉਨ੍ਹਾਂ ਨੇ ਅੰਗਰੇਜ਼ਾਂ ਨਾਲ ਲੋਹਾ ਲਿਆ ਤੇ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਕੁੰਭ ਨਰਕੀ ਜੇਲ੍ਹ ਵਿੱਚ ਅੰਗਰੇਜ਼ ਹਾਕਮਾਂ ਦੇ ਤਸੀਹੇ ਝੱਲੇ ਤੇ ਜ਼ਿੰਦਗੀਆਂ ਜੇਲ੍ਹਾਂ ਵਿੱਚ ਗਾਲ ਦਿੱਤੀਆਂ। ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਨੇ ਤਾਂ 26 ਸਾਲ ਦੇ ਕਰੀਬ ਜੇਲ੍ਹ ਵਿੱਚ ਲੰਘਾਏ, ਪਰ ਅੰਗਰੇਜ਼ਾਂ ਦੀ ਈਨ ਨਹੀਂ ਮੰਨੀ। ਆਗੂਆਂ ਨੇ ਕਿਹਾ ਕਿ ਗ਼ਦਰੀ ਜੇਲ੍ਹਾਂ ਵਿੱਚੋਂ ਵੀ ਰਿਹਾਅ ਹੋ ਕੇ ਘਰ ਨਾ ਬੈਠੇ ਸਗੋਂ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਵਿੱਚ ਹੋਰ ਜ਼ੋਰ ਨਾਲ ਕੁੱਦ ਪਏ। ਗ਼ਦਰੀਆਂ ਨੇ ਕਿਰਤੀ ਪਾਰਟੀ ਉਸਾਰੀ ਤੇ ਆਪਣੇ ਵਿਚਾਰ ਲੈਕਚਰਾਂ ਤੇ ਕਿਰਤੀ ਅਖ਼ਬਾਰ ਰਾਹੀਂ ਲੋਕਾਂ ਤੱਕ ਪਹੁੰਚਾਏ। ਕਿਸਾਨਾਂ, ਮਜ਼ਦੂਰਾਂ ਤੇ ਔਰਤਾਂ ਦੀਆਂ ਜਥੇਬੰਦੀਆਂ ਉਸਾਰ ਕੇ ਆਮ ਆਵਾਮ ਨੂੰ ਆਜ਼ਾਦੀ ਦੇ ਅੰਦੋਲਨ ਵਿੱਚ ਤੋਰਿਆ। ਆਗੂਆਂ ਨੇ ਕਿਹਾ ਕਿ ਸਾਨੂੰ ਪ੍ਰਣ ਲੈਣਾ ਬਣਦਾ ਹੈ ਕਿ ਗ਼ਦਰੀਆਂ ਦੇ ਅਧੂਰੇ ਕਾਜ ਨੂੰ ਪੂਰਾ ਕਰਨ ਵਾਸਤੇ ਜਾਗਰੂਕ ਰੂਪ ਵਿੱਚ ਜਥੇਬੰਦ ਹੋਈਏ। ਪ੍ਰੋਗਰਾਮ ਵਿੱਚ ਮਤਾ ਪਾਸ ਕੀਤਾ ਗਿਆ ਕਿ ਮਣੀਪੁਰ ਵਿੱਚ ਆਦਿਵਾਸੀ ਔਰਤਾਂ ਨੂੰ ਨਿਰਵਸਤਰ ਕਰਕੇ ਘੁੰਮਾਉਣਾ ਸਾਡੇ ਦੇਸ਼ ਦੇ ਮੱਥੇ 'ਤੇ ਕਲੰਕ ਹੈ। ਜਿਨ੍ਹਾਂ ਗੁੰਡਿਆਂ ਨੇ ਇਹ ਕਾਲੀ ਕਰਤੂਤ ਕੀਤੀ ਹੈ ਉਨ੍ਹਾਂ ਨੂੰ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਹੈ। ਦੂਜਾ ਮਤਾ ਪਾਸ ਕੀਤਾ ਕਿ ਹੜ੍ਹਾਂ ਨਾਲ ਲੋਕਾਂ ਦੀਆਂ ਜਾਨਾਂ, ਫਸਲਾਂ ਅਤੇ ਘਰ ਢਹਿਣ ਦਾ ਜੋ ਨੁਕਸਾਨ ਹੋਇਆ ਹੈ, ਸਰਕਾਰ ਉਨ੍ਹਾਂ ਨੂੰ ਜਲਦੀ ਮੁਆਵਜ਼ਾ ਦੇਵੇ। ਇਸ ਮੌਕੇ 'ਤੇ ਕਮੇਟੀ ਦੇ ਖਜ਼ਾਨਚੀ ਸੀਤਲ ਸਿੰਘ ਸੰਘਾ, ਕਸ਼ਮੀਰ ਸਿੰਘ ਘੁੱਗਸ਼ੋਰ, ਜੱਸੀ, ਕੇਸਰ ਤੇ ਕਾਕਾ ਸਾਊਂਡ ਵਾਲਾ ਵੀ ਹਾਜ਼ਰ ਸਨ।

## ਜਗਤਾਰ ਜੌਹਲ ਨੂੰ ਭਰਪੂਰ ਸ਼ਰਧਾਂਜਲੀਆਂ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**- ਕਾਮਰੇਡ ਜਗਤਾਰ ਜੌਹਲ ਨਮਿੱਤ ਸ਼ਰਧਾਂਜਲੀ ਸਮਾਗਮ ਜੰਡਿਆਲਾ ਵਿਖੇ ਹੋਇਆ। ਸਮਾਗਮ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਫਿਰਕਾਪ੍ਰਸਤ ਤਾਕਤਾਂ ਖਿਲਾਫ ਇੱਕਮੁੱਠ ਹੋਣ ਦਾ ਸੱਦਾ ਦਿੱਤਾ। ਪ੍ਰਸਿੱਧ ਲੇਖਕ, ਫਿਲਮਕਾਰ ਸਤਨਾਮ ਚਾਨਾਂ ਨੇ ਯਾਦਾਂ ਨੂੰ ਸਾਂਝਿਆਂ ਕੀਤਾ। ਸੀਪੀਆਈ ਦੇ ਜ਼ਿਲ੍ਹਾ ਸਕੱਤਰ ਰਛਪਾਲ ਕੈਲੇ,ਤਰਸੇਮ ਬੱਧਨ, ਸੀਪੀਐਮ ਦੇ ਕਾਮਰੇਡ ਸੁਖਪ੍ਰੀਤ ਸਿੰਘ ਜੌਹਲ, ਸਟੇਜ ਸਕੱਤਰ ਜਸਵਿੰਦਰ ਸਿੰਘ ਆਦਿ ਨੇ ਵੀ ਜਗਤਾਰ ਜੌਹਲ ਦੀਆਂ ਯਾਦਾਂ ਨੂੰ ਸਾਂਝਾ ਕੀਤਾ। ਅੰਤ ਵਿੱਚ ਜਿੱਥੇ ਸਰਪੰਚ ਮੱਖਣ ਪੱਲਣ ਵਲੋਂ ਆਏ ਪਤਵੰਤਿਆਂ ਦਾ ਧੰਨਵਾਦ ਕੀਤਾ ਗਿਆ ਉਥੇ ਜਗਤਾਰ ਜੌਹਲ ਦੀਆਂ ਵਿਦੇਸ਼ੋਂ ਆਈਆਂ ਬੇਟੀਆਂ ਨਵਨੀਤ ਤੇ ਮਨਜੋਤ ਵੱਲੋਂ ਵੀ ਹਾਜ਼ਰੀਨ ਨਾਲ ਆਪਣੇ ਪਿਤਾ ਬਾਰੇ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਪੰਚ ਮੱਖਣ ਸਿੰਘ ਜੌਹਲ, ਬਲਕਾਰ ਸਿੰਘ, ਕਾਮਰੇਡ ਵਿਜੈ ਧਨਨੀ, ਮਾਸਟਰ ਜਸਵਿੰਦਰ ਸਿੰਘ, ਮਾਸਟਰ ਬਲਕਾਰ ਸਿੰਘ, ਮਨਵੀਰ ਸਿੰਘ ਜੌਹਲ ਆਦਿ ਵੀ ਹਾਜਰ ਸਨ।

## ਰੁਜ਼ਗਾਰ ਪਲੇਸਮੈਂਟ ਕੈਂਪ 'ਚ 19 ਉਮੀਦਵਾਰ ਸ਼ਾਰਟਲਿਸਟ

**ਜਲੰਧਰ, (ਸੁਰਿੰਦਰ ਕੁਮਾਰ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਆਪਣੇ ਦਫਤਰ ਵਿਖੇ ਪਲੇਸਮੈਂਟ ਕੈਂਪ ਲਾਇਆ ਗਿਆ, ਜਿਸ ਵਿੱਚ 19 ਉਮੀਦਵਾਰ ਨੌਕਰੀ ਲਈ ਸ਼ਾਰਟਲਿਸਟ ਕੀਤੇ ਗਏ। ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਣਜੀਤ ਕੌਰ ਨੇ ਦੱਸਿਆ ਕਿ ਪਲੇਸਮੈਂਟ ਕੈਂਪ ਵਿੱਚ ਆਈ.ਸੀ.ਆਈ.ਸੀ.ਆਈ. ਬੈਂਕ, ਐਲ. ਆਈ. ਸੀ. ਅਤੇ ਭਾਰਤੀ ਏਅਰਟੈੱਲ ਬਰਾਡਬੈਂਡ ਵੱਲੋਂ ਸ਼ਿਰਕਤ ਕੀਤੀ ਗਈ ਅਤੇ 44 ਉਮੀਦਵਾਰਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 19 ਉਮੀਦਵਾਰ ਸ਼ਾਰਟਲਿਸਟ ਕੀਤੇ ਗਏ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਵਿੱਚ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਸਮੇਂ-ਸਮੇਂ 'ਤੇ ਅਜਿਹੇ ਪਲੇਸਮੈਂਟ ਕੈਂਪ ਲਾ ਕੇ ਨੌਜਵਾਨਾਂ ਦੀ ਰੋਜ਼ਗਾਰ ਪ੍ਰਾਪਤੀ ਵਿੱਚ ਮਦਦ ਕੀਤੀ ਜਾਂਦੀ ਹੈ। ਉਨ੍ਹਾਂ ਨੌਜਵਾਨਾਂ ਨੂੰ ਇਨ੍ਹਾਂ ਪਲੇਸਮੈਂਟ ਕੈਂਪਾਂ ਵਿਚ ਵੱਧ-ਚੜ੍ਹ ਕੇ ਭਾਗ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਰੋਜ਼ਗਾਰ ਦੇ ਵਧੇਰੇ ਮੌਕਿਆਂ ਲਈ ਨੌਜਵਾਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸਥਿਤ ਬਿਊਰੋ ਦੇ ਦਫਤਰ ਵਿਖੇ ਸੰਪਰਕ ਕਰ ਸਕਦੇ ਹਨ ਜਾਂ ਦਫ਼ਤਰ ਦੇ ਹੈਲਪਲਾਈਨ ਨੰਬਰ 90569-20100 'ਤੇ ਵੀ ਰਾਬਤਾ ਕੀਤਾ ਜਾ ਸਕਦਾ ਹੈ।

## ਰਾਸ਼ਟਰਪਤੀ ਮਨੀਪੁਰ ਸਰਕਾਰ ਨੂੰ ਤੁਰੰਤ ਬਰਖਾਸਤ ਕਰਨ : ਤਰਕਸ਼ੀਲ ਸੁਸਾਇਟੀ

**ਖਰੜ, (ਹਰਨਾਮ ਸਿੰਘ ਡੱਲਾ)**-ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਚੰਡੀਗੜ੍ਹ ਦੀ ਮੀਟਿੰਗ ਜਥੇਬੰਦਕ ਮੁਖੀ ਪ੍ਰਿੰਸੀਪਲ ਖਰੜ ਗੁਰਮੀਤ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸੂਬਾਈ ਆਗੂ ਜੋਗਿੰਦਰ ਕੂਲੇਵਾਲ ਵੀ ਹਾਜਰ ਹੋਏ। ਤਰਕਸ਼ੀਲਾਂ ਨੇ ਮਨੀਪੁਰ ਵਿਚ ਕੁੱਕੀ ਫਿਰਕੇ ਦੀਆਂ ਆਦਿਵਾਸੀ ਔਰਤਾਂ ਨੂੰ ਮਨੀਪੁਰ ਪੁਲਸ ਦੀ ਹਾਜਰੀ ਵਿੱਚ ਸਰੇਆਮ ਨਿਰਵਸਤਰ ਕਰਨ ਅਤੇ ਉਨ੍ਹਾਂ ਵਿੱਚੋਂ ਇੱਕ ਨਾਲ ਸਮੂਹਿਕ ਬਲਾਤਕਾਰ ਕਰਨ ਦੀ ਦਰਿੰਦਗੀ ਭਰੀ ਕਾਰਵਾਈ ਦੀ ਨਿੰਦਾ ਕੀਤੀ ਹੈ। ਤਰਕਸ਼ੀਲਾਂ ਨੇ ਰਾਸ਼ਟਰਪਤੀ ਤੋਂ ਭਾਜਪਾ ਦੀ ਮਨੀਪੁਰ ਸਰਕਾਰ ਨੂੰ ਤੁਰੰਤ ਬਰਖਾਸਤ ਕਰਨ ਦੀ ਜ਼ੋਰਦਾਰ ਮੰਗ ਵੀ ਕੀਤੀ। ਤਰਕਸ਼ੀਲਾਂ ਨੇ ਕਿਹਾ ਕਿ ਹਕੂਮਤੀ ਸਰਪ੍ਰਸਤੀ ਹੇਠ ਜਬਰ ਕਰਨ ਲਈ ਜ਼ਿੰਮੇਵਾਰ ਫਿਰਕੂ ਅਨਸਰਾਂ ਅਤੇ ਦੋਸ਼ੀ ਪੁਲਸ ਅਧਿਕਾਰੀਆਂ ਨੂੰ ਸਖਤ ਤੋਂ ਸਖਤ ਸਜਾਵਾਂ ਦਿੱਤੀਆਂ ਜਾਣ। ਇਹ ਮੰਗ ਜੋਨ ਆਗੂਆਂ ਪ੍ਰਿੰਸੀਪਲ ਗੁਰਮੀਤ ਖਰੜ, ਅਜਿਤ ਪ੍ਰਦੇਸੀ, ਸਲਿੰਦਰ ਸੁਹਾਲੀ, ਜੋਗਾ ਸਿੰਘ ਅਤੇ ਬਲਦੇਵ ਜਲਾਲ ਨੇ ਕੀਤੀ ਹੈ। ਇਸ ਮੌਕੇ ਤਰਕਸ਼ੀਲ ਆਗੂ ਕੰਵਲਜੀਤ ਸਿੰਘ ਮੱਟੂ ਮੇਜਰ ਹਰਨੇਕ ਸਿੰਘ ਅਸ਼ੋਕ ਰੋਪੜ ਮਾਸਟਰ ਮਿਹਰ ਸਿੰਘ ਅਵਤਾਰ ਸੁਰਿੰਦਰ ਸਿੰਬਲ ਮਾਜਰਾ ਸੁਜਾਨ ਸਿੰਘ ਵਡਾਲਾ ਗੁਰਤੇਜ ਮੁਹਾਲੀ, ਬਲਦੇਵ ਗੋਬਿੰਦਗੜ, ਗੁਮਿੰਦਰ ਖੰਨਾ, ਸੁਖਵਿੰਦਰ ਗੋਬਿੰਦਗੜ, ਸੰਦੀਪ ਬਸੀ ਪਠਾਣਾਂ ਨੇ ਰਾਸ਼ਟਰਪਤੀ ਤੋਂ ਮੰਗ ਕੀਤੀ ਹੈ ਕਿ ਮਨੀਪੁਰ ਦੇ ਨਾਗਰਿਕਾਂ ਦੇ ਜਾਨ ਮਾਲ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਦੋਸ਼ੀਆਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਣ।

## ਮਨੀਪੁਰ ਘਟਨਾ ਦੀ ਐਡਵੋਕੇਟ ਧੰਜੂ ਨੇ ਕੀਤੀ ਨਿਖੇਧੀ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)** -ਹਲਕਾ ਸੁਲਤਾਨਪੁਰ ਲੋਧੀ ਦੇ ਸੀਨੀਅਰ ਆਗੂ ਅਤੇ ਸਾਬਕਾ ਚੇਅਰਮੈਨ ਕੰਬੋਜ ਵੇਲਫੇਅਰ ਬੋਰਡ ਪੰਜਾਬ ਐਡਵੋਕੇਟ ਜਸਪਾਲ ਸਿੰਘ ਧੰ